ਯੂਨਿਟ 2

# ਚੈਂਪੀਅਨ

## ਰੂਹਾਨੀ ਫਲ ਦੁਆਰਾ






## ਅਧਿਆਪਕ ਕਿਤਾਬ

ਹਰ ਉਮਰ ਦੇ ਬੱਚੇ ਲਈ (4-15 ਸਾਲਾਂ ਦੇ)

# ਪਿਆਰੇ ਅਧਿਆਪਕੋ,




ਸਾਡੀ ਪ੍ਰਮਾਤਮਾ ਅੱਗੇ ਇਹੋ ਅਰਦਾਸ ਹੈ ਕਿ ਪ੍ਰਮਾਤਮਾ ਤੁਹਾਡੇ 'ਤੇ ਕਿਰਪਾ ਕਰਨ ਕਿਉਂਕਿ ਤੁਸੀਂ ਪ੍ਰਮਾਤਮਾ ਦੀ ਸੇਵਾ ਜੋ ਕਰਦੇ ਹੋ ਤੇ ਨਾਲ ਦੀ ਦੁਨੀਆ ਭਰ ਦੇ ਬੱਚਿਆਂ ਨੂੰ ਸੇਧ ਦਿੰਦੇ ਹੋ। ਤੁਸੀਂ ਬਦਲਾਅ ਲਿਆ ਰਹੇ ਹੋ, ਤੇ ਲੋਕਾਂ ਦੀਆਂ ਜ਼ਿੰਦਗੀਆਂ ਹਮੇਸ਼ਾ ਦੇ ਲਈ ਬਦਲ ਰਹੇ ਹੋ!

ਸਾਡੇ ਕੋਲ ਤੁਹਾਡੇ ਲਈ ਇੱਕ ਸਰਪ੍ਰਾਈਜ਼ ਹੈ। ਤੁਸੀਂ ਸੋਚਦੇ ਹੋਵੋਂਗੇ ਕਿ ਤੁਸੀਂ ਇੱਕ ਸੰਡੇ ਸਕੂਲ ਦੇ ਅਧਿਆਪਕ ਵਜੋਂ ਲੱਗੇ ਹੋ, ਪਰ ਹੁਣ ਤੁਹਾਨੂੰ ਇੱਕ ਕੋਚ ਵਿੱਚ ਬਦਲ ਦਿੱਤਾ ਗਿਆ ਹੈ! ਜੀ ਹਾਂ, ਇਸ ਸਾਲ ਆਪਾਂ ਬਾਈਬਲ ਨੂੰ ਬੌਕਸਿੰਗ ਥੀਮ ਨਾਲ ਪੜ੍ਹਾਂਗੇ ਤੇ ਖੇਡਾਂ ਖੇਡ ਕੇ ਮਜ਼ੇ ਵੀ ਲਵਾਂਗੇ। ਪਿਆਰੇ ਅਧਿਆਪਕ, ਹੁਣੇ ਤੋਂ ਸ਼ੁਰੂ ਹੋ ਜਾਓ! ਅਧਿਆਪਕ ਬਣਨ ਦੀ ਥਾਂ 'ਤੇ ਕੋਚ ਬਣੋ, ਇਸ ਤਰੀਕੇ ਨਾਲ ਤੁਹਾਨੂੰ ਅੰਦਰੋਂ ਜਨੂੰਨ ਆਏਗਾ, ਤੁਸੀਂ ਉਹਨਾਂ 'ਤੇ ਧਿਆਨ ਦੇ ਪਾਓਗੇ, ਉਹਨਾਂ ਦੇ ਵਾਧੇ ਵੱਲ ਧਿਆਨ ਦੇ ਪਾਓਂਗੇ, ਜਿਸ ਨਾਲ ਉਹ ਇੱਕ ਚੈਂਪੀਅਨ ਬਣ ਜਾਣਗੇ।

ਆਪਾਂ ਪੜ੍ਹਾਂਗੇ ਰੂਹਾਨੀ ਫਲ। ਪਰ, ਆਪਾਂ ਇਕੱਲਾ ਫਲ ਵੱਲ ਹੀ ਨਹੀਂ ਦੇਖਾਂਗੇ, ਸਗੋਂ ਆਪਣੇ ਮਾਸ ਵੱਲੋਂ ਕੀਤੇ ਪਾਪਾਂ ਵੱਲ ਵੀ ਦੇਖਾਂਗੇ ਜੋ ਰੂਹਾਨੀ ਫਲ ਖਿਲਾਫ ਲੜਦੇ ਹਨ। ਤੁਹਾਡਾ ਟੀਚਾ ਹੈ ਆਪਣੇ ਬੱਚਿਆਂ ਦੀ ਮਦਦ ਕਰਨੀ ਤਾਂ ਜੋ ਉਹ ਚੈਂਪੀਅਨ ਬਣ ਸਕਣ। ਚੈਂਪੀਅਨ ਬਣਨ ਲਈ, ਸਿਰਫ ਯਾਦਦਾਸ਼ਤ ਤੁਕ ਜਾਂ ਬਾਈਬਲ ਦੀਆਂ ਕਹਾਣੀਆਂ ਹੀ ਯਾਦ ਨਹੀਂ ਕਰਨੀਆਂ ਪੈਣੀਆਂ, ਸਗੋਂ ਨਾਲ ਉਹਨਾਂ ਨੂੰ ਰੂਹਾਨੀ ਫਲ ਵੀ ਆਪਣੀ ਰੋਜ਼ਾਨਾ ਦੀ ਜ਼ਿੰਦਗੀ 'ਚ ਲਿਆਉਣਾ ਪਵੇਗਾ। ਇੱਕ ਕੋਚ ਹੋਣ ਦੇ ਨਾਤੇ ਇਹ ਤੁਹਾਡੇ ਲਈ ਇੱਕ ਬਹੁਤ ਔਖੀ ਚੁਣੌਤੀ ਹੋਣ ਵਾਲੀ ਹੈ।

ਬੌਕਸਿੰਗ ਥੀਮ ਦੀ ਮਦਦ ਨਾਲ, ਜਿਵੇਂ ਤੁਹਾਡੇ ਵਿਦਿਆਰਥੀ ਤੁਹਾਡੀ ਸੰਡੇ ਸਕੂਲ ਦੀ ਕਲਾਸ 'ਚ ਨੇ, ਚੱਲ ਮੰਨ ਲੋ ਕਿ ਉਹ ਟ੍ਰੇਨਿੰਗ ਲੈ ਰਹੇ ਨੇ। ਉਹ ਅਭਿਆਸ ਕਰ ਰਹੇ ਨੇ, ਤੇ ਪ੍ਰਮਾਤਮਾ ਬਾਰੇ ਜਾਣ ਰਹੇ ਨੇ ਅਤੇ ਪਾਪ ਵਿਰੁੱਧ ਲੜਨਾ ਸਿੱਖ ਰਹੇ ਨੇ। ਇਸ ਕਰਕੇ ਚਰਚ ਤੁਹਾਡਾ ਟ੍ਰੇਨਿੰਗ ਸੈਂਟਰ ਹੋਇਆ।

ਜਦੋਂ ਤੁਹਾਡੇ ਵਿਦਿਆਰਥੀ ਬਾਹਰ ਦੁਨੀਆ 'ਚ ਵਿਚਰਦੇ ਨੇ, ਉਹ ਅਸਲ 'ਚ "ਅਖਾੜੇ ਦੇ ਵਿੱਚ" ਹੁੰਦੇ ਨੇ! ਇਹੀ ਉਹ ਜਗ੍ਹਾ ਹੁੰਦੀ ਹੈ ਜਿੱਥੇ ਉਹਨਾਂ ਦੀ ਲੜਾਈ ਆਪਣੀਆਂ ਹੀ ਪਾਪੀ ਇੱਛਾਵਾਂ ਨਾਲ ਹੁੰਦੀ ਹੈ। ਇਸੇ ਕਰਕੇ, ਉਹਨਾਂ ਦੇ ਘਰ ਅਤੇ ਸਕੂਲ, ਅਸਲ 'ਚ ਅਜਿਹੀਆਂ ਥਾਵਾਂ ਹੁੰਦੀਆਂ ਨੇ ਜਿੱਥੇ ਅਸਲੀ ਮੁਕਾਬਲੇ ਤੇ ਬੌਕਸਿੰਗ ਮੈਚ ਹੋਣੇ ਹੁੰਦੇ ਨੇ। ਕਿਉਂਕਿ ਚਰਚ 'ਚ ਤਾਂ ਆਪਾਂ ਸਹੀ ਜਵਾਬ ਦੇ ਲੈਂਦੇ ਹਾਂ ਤੇ ਬੁੱਧੀਮਾਨ ਕਹਾ ਜਾਂਦੇ ਹਾਂ। ਜੇ ਕੋਈ ਬੱਚਾ ਵਧੀਆ ਯਾਦ ਕਰ ਲੈਂਦਾ ਹੈ ਜਾਂ ਚਰਚ 'ਚ ਵਧੀਆ ਪੜ੍ਹਾਈ ਕਰਦਾ ਹੈ ਤਾਂ ਉਹਨਾਂ ਬਿਲਕੁਲ ਵੀ ਇੰਝ ਨਾ ਮਹਿਸੂਸ ਹੋਣ ਦਿਓ ਕਿ ਉਹਨੇ ਕੋਈ ਮੈਚ ਜਿੱਤ ਲਿਆ ਹੈ। ਇਸ ਤਾਂ ਬਸ ਅਜੇ ਟ੍ਰੇਨਿੰਗ ਹੀ ਹੋ ਰਹੀ ਹੁੰਦੀ ਹੈ। ਅਸਲੀ ਲੜਾਈ ਤਾਂ ਉਹਨਾਂ ਦੀ ਜ਼ਿੰਦਗੀ 'ਚ ਹੋਣੀ ਹੁੰਦੀ ਹੈ। ਜਿਹੜੇ ਪਾਠ ਉਹਨਾਂ ਨੇ ਹਫਤੇ ਦੌਰਾਨ ਸਿੱਖੇ ਹੁੰਦੇ ਨੇ, ਜੇ ਉਹ ਇਹਨਾਂ ਪਾਠਾਂ ਨੂੰ ਆਪਣੀ ਜ਼ਿੰਦਗੀ 'ਚ ਉਤਾਰ ਲੈਣ ਤਾਂ ਉਹ ਮੈਚ ਜਿੱਤ ਸਕਦੇ ਹਨ।

ਇੱਕ ਕੋਚ ਹੋਣ ਦੇ ਨਾਤੇ ਤੁਹਾਡਾ ਆਖਰੀ ਕੰਮ ਇਹੋ ਹੁੰਦਾ ਹੈ ਕਿ ਤੁਸੀਂ ਕਾਮਯਾਬ ਹੋਏ ਬੱਚਿਆਂ ਨੂੰ ਇਨਾਮ ਦਿਓ ਤੇ ਉਹਨਾਂ ਦੀ ਹੌਂਸਲਾ-ਅਫ਼ਜ਼ਾਈ ਕਰੋਂ। ਉਹਨਾਂ ਨੂੰ ਦੇਣ ਲਈ ਪੁਰਸਕਾਰ ਵੀ ਤਿਆਰ ਕਰਕੇ ਰੱਖੋ। ਹਰ "ਮੁੱਕੇ 'ਤੇ,"ਰਾਊਂਡ ਹੋਣ 'ਤੇ, ਜਾਂ ਮੈਚ ਜਿੱਤਣ 'ਤੇ ਉਹਨਾਂ ਨੂੰ ਜੱਫੀ ਪਾਓ ਜਾਂ ਫਿਰ ਉਹਨਾਂ ਦੀ ਹੌਸਲਾ-ਅਫ਼ਜ਼ਾਈ ਕਰੋ। ਜੋ ਵਿਵਹਾਰ ਤੁਸੀਂ ਆਪਣੇ ਵਿਦਿਆਰਥੀਆਂ ਨਾਲ ਕਰੋਂਗੇ ਉਹੀ ਵਿਵਹਾਰ ਤੁਹਾਡੇ ਵਿਦਿਆਰਥੀ ਤੁਹਾਨੂੰ, ਯਾਨੀ ਕਿ ਆਪਣੇ ਕੋਚ ਨੂੰ ਖੁਸ਼ ਕਰਨ ਲਈ ਕਰਨਗੇ।

ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਇਸ ਸਭ 'ਚ ਮਜ਼ਾ ਆਏਗਾ, ਜਿਵੇਂ ਕਿ ਕੋਚ ਦੀ ਡਰੈਸ ਪਾਕੇ, ਆਪਣੀ ਕਲਾਸ ਨੂੰ ਇੱਕ ਖੇਡਾਂ ਵਾਲੇ ਟ੍ਰੇਨਿੰਗ ਸੈਂਟਰ ਦੇ ਰੂਪ 'ਚ ਸਜਾ ਕੇ, ਤੇ ਕਦੇ-ਕਦਾਈਂ ਪੁਰਸਕਾਰ ਸਮਾਰੋਹ ਕਰਕੇ। ਰੂਹੀ ਫਲ ਨੂੰ ਜਿਉਂ ਕੇ ਸਫਲਤਾ ਮਿਲੇਗੀ, ਜਿਵੇਂ ਕਿ ਖੇਡਾਂ 'ਚ ਮਿਲਦੀ ਹੈ, ਉਹਨਾਂ ਨੂੰ ਜਿਹੜੇ ਦੂਜਿਆਂ ਨਾਲੋਂ ਵੱਧ ਮਿਹਨਤ ਕਰਦੇ ਨੇ। ਤੁਸੀਂ ਆਪਣੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਲਈ ਤੇ ਚੈਂਪੀਅਨ ਬਣਨ ਲਈ ਪ੍ਰੇਰਿਤ ਕਰ ਸਕਦੇ ਹੋ। ਬਸ ਉਹਨਾਂ 'ਤੇ ਵਿਸ਼ਵਾਸ ਕਰੋ ਜਦੋਂ ਹੋਰ ਕੋਈ ਨਾ ਕਰਦਾ ਹੋਵੇ, ਤੇ ਦੇਖਿਓ ਪ੍ਰਮਾਤਮਾ ਉਹਨਾਂ ਦੀ ਜ਼ਿੰਦਗੀ 'ਚ ਕਿਵੇਂ ਚਮਤਕਾਰ ਕਰਦੇ ਹਨ!



ਰੱਬ ਅੱਗੇ ਇਹੋ ਅਰਜ਼ ਹੈ ਕਿ ਉਹ ਤੁਹਾਨੂੰ ਇਸ ਕੰਮ ਲਈ ਪ੍ਰੇਰਨਾ ਦੇਣ, ਤਾਂ ਜੋ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਰੂਹੀ ਫਲ ਦੀ ਇਹ ਚੁਣੌਤੀ ਦੇ ਸਕੋ। ਇੱਕ ਅਧਿਆਪਕ ਹੋਣ ਦੇ ਨਾਤੇ ਸੰਡੇ ਸਕੂਲ ਨੇ ਤੁਹਾਨੂੰ ਕਿਤੇ ਨਾ ਕਿਤੇ ਬੰਨ੍ਹ ਰੱਖਿਆ ਸੀ, ਪਰ ਸਾਨੂੰ ਉਮੀਦ ਹੈ ਕਿ ਇੱਕ ਕੋਚ ਬਣਕੇ ਇਹ ਸਭ ਰੁਕਾਵਟਾਂ ਵੀ ਹਟ ਜਾਣਗੀਆਂ ਤੇ ਤੁਸੀਂ ਆਪਣੇ ਵਿਦਿਆਰਥੀਆਂ ਦੀ ਜ਼ਿੰਦਗੀ ਦੇ ਅਸਲੀ ਕੋਚ ਬਣ ਜਾਓਗੇ।

ਮਸੀਹ ਵਿੱਚ, ਭੈਣ ਕ੍ਰਿਸਟੀਨਾ

# ਇਸ ਸਮਾਨ ਦੀ ਵਰਤੋਂ ਕਿਵੇਂ ਕਰੀਏ

## ਸਮਾਸੂਚੀ

ਗੀਤ ਅਤੇ ਨਾਟਕ - 30 ਮਿੰਟ

ਮੁੱਖ ਪਾਠ ਅਤੇ ਵਿਦਿਆਰਥੀ ਦੀ ਕਿਤਾਬ - 30 ਮਿੰਟ

ਹੋਮਵਰਕ ਅਸਾਈਨਮੈਂਟਸ ਅਤੇ ਯਾਦਦਾਸ਼ਤ ਤੁਕ ਵਾਲੀ ਖੇਡ - 30 min

ਪ੍ਰਸ਼ਨ-ਉੱਤਰ ਅਤੇ ਹਾਜ਼ਰੀ ਕਾਰਡ - ਔਪਸ਼ਨਲ 30 ਮਿੰਟ

## ਸੰਗੀਤ

ਆਪਣੀ ਕਲਾਸ ਨੂੰ ਨਵੇਂ ਗੀਤ ਗਾਕੇ ਸ਼ੁਰੂ ਕਰੋ ਤੇ ਸਾਰਿਆਂ ਨੂੰ ਆਪਣੇ ਨਾਲ ਲਾ ਲਓ ਤੇ ਐਕਸ਼ਨ ਕਰਨ ਨੂੰ ਕਹੋ। ਸਾਡੀ ਵੈਬਸਾਈਟ ਤੋਂ ਗੀਤ ਡਾਊਨਲੋਡ ਕਰੋ, ਅਤੇ ਵੀਡੀਓ 'ਚ ਦਿਖਾਏ ਐਕਸ਼ਨਾਂ ਤੇ ਕੋਰੀਓਗ੍ਰਾਫੀ ਤੋਂ ਸਿੱਖੋ।

## ਨਾਟਕ

ਹਰ ਹਫਤੇ ਮਜ਼ੇਦਾਰ ਨਾਟਕ ਕਰਨ ਲਈ, ਦੋ ਜਣਿਆਂ ਨੂੰ ਚੁਣ ਲਓ ਜਿਨ੍ਹਾਂ ਨੂੰ ਤੁਸੀਂ ਹਰ ਹਫਤੇ ਐਕਟਰ ਬਣਾਉਂਗੇ: ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡ। (ਤੁਸੀਂ ਉਹਨਾਂ ਦੇ ਨਾਂ ਬਦਲ ਸਕਦੇ ਹੋਂ।) ਪਾਠ ਦੇਖੋ, ਪਾਠ ਦੇ ਹਿਸਾਬ ਨਾਲ ਤੁਸੀਂ ਨਾਟਕ 'ਚ ਆਪਣੇ ਵੀ ਆਈਡੀਏ ਪਾ ਸਕਦੇ ਹੋ। ਬੱਚਿਆਂ ਨੂੰ ਮੌਕਾ ਦਿਓ ਤਾਂ ਜੋ ਉਹ ਆਪਣੇ ਆਪ ਨੂੰ ਬਾਈਬਲ ਦੀ ਕਹਾਣੀ 'ਚ ਦੇਖ ਸਕਣ। ਹਰ ਹਫਤੇ ਇੱਕੋ ਹੀ ਐਕਟਰ ਲੈਣ ਨਾਲ ਨਾਟਕ ਵੱਧ ਅਸਲੀ ਲੱਗਣਗੇ, ਤੇ ਪੂਰਾ ਸਾਲ ਵਧੀਆ ਮਜ਼ੇਦਾਰ ਲੰਘੇਗਾ ਕਿਉਂਕਿ ਹੁਣ ਵਿਦਿਆਰਥੀ ਆਪਣੇ ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡ ਨੂੰ ਪਛਾਨਣ ਲੱਗ ਜਾਣਗੇ। ਉਹਨਾਂ ਲਈ ਪੁਸ਼ਾਕਾਂ ਬਣਾਓ ਜਿਹੜੀਆਂ ਉਹ ਚਰਚ 'ਚ ਹੀ ਛੱਡ ਕੇ ਜਾ ਸਕਿਆ ਕਰਨ ਤੇ ਛੇਤੀ ਹੀ ਪਾ ਸਕਿਆ ਕਰਨ। (ਜਿਵੇਂ ਕਿ ਇੱਕ ਟੋਪੀ ਤੇ ਐਨਕਾਂ।)

## ਮੁੱਖ ਪਾਠ

ਪਾਠ ਬਾਰੇ ਦੱਸਣ ਤੋਂ ਬਾਅਦ, ਤੁਸੀਂ ਬਾਈਬਲ ਦੀ ਕਹਾਣੀ 'ਤੇ ਚਲੇ ਜਾਓ। ਬਾਈਬਲ ਦੀ ਪੂਰੀ ਕਹਾਣੀ ਲੱਭਣ ਲਈ ਬਾਈਬਲ ਦੇ ਹਵਾਲੇ ਨੂੰ ਦੇਖੋ, ਕਿਉਂਕਿ ਪੂਰੀ ਕਹਾਣੀ ਤਾਂ ਇਸ 'ਚ ਛਾਪੀ ਨਹੀਂ ਹੋਈ। ਬਾਈਬਲ ਦੀ ਕਹਾਣੀ ਪੜ੍ਹਨ ਤੋਂ ਬਾਅਦ, ਇਸਦੇ ਮੁੱਖ ਸਬਕ ਬਾਰੇ ਜਰੂਰ ਦੱਸਿਓ ਤੇ ਨਾਲ ਹੀ ਇਹ ਵੀ ਦੱਸਿਓ ਕਿ ਜ਼ਿੰਦਗੀ 'ਚ ਇਸਨੂੰ ਉਤਾਰਨਾ ਕਿਵੇਂ ਹੈ। ਪਾਠ ਦੇ ਅਖੀਰ 'ਚ, ਯਾਦਦਾਸ਼ਤ ਤੁਕ ਪੜ੍ਹੋ ਤੇ ਆਪਣੇ ਵਿਦਿਆਰਥੀਆਂ ਨਾਲ ਰਲਕੇ ਪ੍ਰਾਰਥਨਾ ਕਰੋ।

## ਵਿਦਿਆਰਥੀਆਂ ਦੀਆਂ ਕਿਤਾਬਾਂ

ਵਿਦਿਆਰਥੀ ਦੀ ਕਿਤਾਬ ਉਹਨਾਂ ਨੂੰ ਵੰਡੋ ਜਾਂ ਫਿਰ ਪਾਠ ਦੇ ਹਰ ਪੇਜ ਦੀ ਫੋਟੋਕਾਪੀ ਵੰਡੋ। ਜਿਹੜੇ ਵਿਦਿਆਰਥੀ ਪਜ਼ਲ 'ਚ ਉਲਝ ਗਏ ਨੇ, ਉਹਨਾਂ ਦੀ ਮਦਦ ਕਰੋ ਕਿਉਂਕਿ ਸੰਡੇ ਸਕੂਲ ਦੀਆਂ ਕਿਤਾਬਾਂ ਔਖੀਆਂ ਨਹੀਂ ਲੱਗਣੀਆਂ ਚਾਹੀਦੀਆਂ, ਸਗੋਂ ਮਜ਼ੇਦਾਰ ਲੱਗਣੀਆਂ ਚਾਹੀਦਾਂ ਨੇ। ਤੁਸੀਂ ਵਿਦਿਆਰਥੀਆਂ ਨੂੰ ਇਹ ਵੀ ਕਹਿ ਸਕਦੇ ਹੋ ਕਿ ਉਹ ਆਪਣੇ ਪੇਜਾਂ 'ਤੇ ਗੂੰਦ ਨਾਲ ਚੀਜ਼ਾਂ ਚਿਪਕਾਉਣ। ਛੋਟੇ ਵਿਦਿਆਰਥੀ, ਆਪਣੇ ਪੇਜ ਨੂੰ ਚੀਜ਼ਾਂ ਨਾਲ ਸਜਾ ਸਕਦੇ ਹਨ, ਜਿਵੇਂ ਕਿ ਚਾਵਲ, ਰੂੰ ਦੇ ਗੋਲੇ, ਨੂਡਲ, ਜਾਂ ਪੇਂਟ। ਵੱਡੇ ਵਿਦਿਆਰਥੀ, ਆਪਣੀਆਂ ਕਿਤਾਬਾਂ ਨੂੰ

ਡਾਇਰੀਆਂ ਵਜੋਂ ਲੈ ਸਕਦੇ ਹਨ, ਟ੍ਰੇਨ ਦੀਆਂ ਟਿਕਟਾਂ ਚਿਪਕਾ ਸਕਦੇ ਨੇ, ਢਾਲੇ ਲਾ ਸਕਦੇ ਨੇ, ਜੇਬ ਦਾ ਫ਼ੂਸ ਜਾਂ ਫਿਰ ਹੋਰ ਬਾਕੀ ਚੀਜ਼ਾਂ ਲਾ ਸਕਦੇ ਨੇ ਜੋ ਉਹਨਾਂ ਨੂੰ ਹੋਮਵਰਕ ਅਸਾਈਨਮੈਂਟ ਦੀ ਯਾਦ ਦਵਾਉਣ।

## ਹੋਮਵਰਕ ਅਸਾਈਨਮੈਂਟ (ਅਖਾੜੇ ਦੇ ਵਿੱਚ)

ਪਿਛਲੇ ਹਫਤੇ ਦੇ ਹੋਮਵਰਕ ਅਸਾਈਨਮੈਂਟ ਬਾਰੇ ਚਰਚਾ ਕਰੋ, ਤੇ ਆਪਣੇ ਵਿਦਿਆਰਥੀਆਂ ਨੂੰ ਆਉਣ ਵਾਲੇ ਹਫਤੇ ਲਈ ਅਸਾਈਨਮੈਂਟ ਦੇ ਦਿਓ। ਇਹ ਤੁਹਾਨੂੰ ਵਿਦਿਆਰਥੀ ਦੀ ਕਿਤਾਬ ਅਤੇ ਮੈਚ ਕਾਰਡ ਉੱਤੇ ਮਿਲ ਜਾਣਗੇ। ਆਪਣੇ ਵਿਦਿਆਰਥੀਆਂ ਨੂੰ ਚੇਤੇ ਕਰਾਉਂਦੇ ਰਹੋ ਕਿ ਸਿਰਫ ਉਹੀ ਚੈਂਪੀਅਨ ਬਣਨਗੇ ਜੋ ਆਪਣੀ ਅਸਾਈਨਮੈਂਟ ਕਰਨਗੇ। ਸਿਰਫ ਚਰਚ ਜਾਣ ਨਾਲ ਜਾਂ ਬਾਈਬਲ ਯਾਦ ਕਰਨ ਨਾਲ ਆਪਣੇ 'ਚੋਂ ਕੋਈ ਵੀ ਚੈਂਪੀਅਨ ਨਹੀਂ ਬਣਨ ਵਾਲਾ, ਸਗੋਂ ਇਸ ਨੂੰ ਆਪਣੀ ਜ਼ਿੰਦਗੀ ਉਤਾਰਕੇ ਚੈਂਪੀਅਨ ਬਣਿਆ ਜਾ ਸਕਦਾ ਹੈ! ਸਾਡੀ ਸਲਾਹ ਤਾਂ ਇਹੋ ਹੈ ਕਿ ਤੁਸੀਂ ਵਿਦਿਆਰਥੀਆਂ ਦੇ ਛੋਟੇ-ਛੋਟੇ ਗਰੁੱਪ ਬਣਾ ਦਿਓ ਤੇ ਹਰ ਗਰੁੱਪ ਦਾ ਇੱਕ ਕੋਚ ਰੱਖ ਦਿਓ। ਇਸ ਤਰੀਕੇ ਨਾਲ ਵਿਦਿਆਰਥੀ ਆਪਣੀ ਅਸਾਈਨਮੈਂਟ ਨੂੰ ਟ੍ਰੈਕ ਕਰ ਸਕਣਗੇ।

ਹਫਤੇ 'ਚ ਇੱਕ ਵਾਰ ਹੋਮਵਰਕ ਅਸਾਈਨਮੈਂਟ ਕਰਨ ਨਾਲ ਤਾਂ ਕੋਈ ਪਾਪ ਨੂੰ "ਧੱਕਾ" ਵੱਜਣ ਨਹੀਂ ਵਾਲਾ, ਜਿਵੇਂ ਇੱਕ ਮੁੱਕਾ ਵੱਜਣ ਨਾਲ ਖਿਡਾਰੀ ਬੌਕਸਿੰਗ ਚੋਂ ਬਾਹਰ ਨਹੀਂ ਹੁੰਦਾ। ਅਜਿਹੀ ਉਦਾਹਰਨ ਦੇਣ ਨਾਲ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਸਮਝਾ ਸਕਦੇ ਹੋ ਕਿ ਜੇਕਰ ਉਹ ਅਸਲ 'ਚ ਚੈਂਪੀਅਨ ਬਣਨਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਹਫ਼ਤੇ ਦੇ ਦੌਰਾਨ "ਵੱਧ ਤੋਂ ਵੱਧ ਮੁੱਕੇ" ਮਾਰਨੇ ਪੈਣਗੇ। ਕੋਚਾਂ ਦੀ ਜ਼ਿੰਮੇਵਾਰੀ ਇਹ ਰਹੇਗੀ ਕਿ ਉਹ ਇਹ ਟ੍ਰੈਕ ਕਰਦੇ ਰਹਿਣ ਕਿ ਵਿਦਿਆਰਥੀਆਂ ਨੇ ਹਫਤੇ ਦੇ ਦੌਰਾਨ ਕਿੰਨੇ "ਮੁੱਕੇ" ਹਾਸਲ ਕੀਤੇ ਹਨ ਤੇ ਉਹਨਾਂ ਨੂੰ ਉਤਸ਼ਾਹਿਤ ਕਰਦੇ ਰਹਿਣ। ਜਦੋਂ ਉਹ ਹਫਤੇ ਦੌਰਾਨ ਅਸਾਈਨਮੈਂਟ ਕਰਿਆ ਕਰਨਗੇ ਤਾਂ ਉਦੋਂ ਇੱਕ "ਮੁੱਕਾ" ਗਿਣਿਆ ਜਾਇਆ ਕਰੇਗਾ। ਮੁੱਕਿਆਂ ਨੂੰ ਹੋਰ ਮਜ਼ੇਦਾਰ ਬਣਾਉਣ ਲਈ, ਇਨ੍ਹਾਂ ਚਾਰ ਵੱਖ-ਵੱਖ ਮੁੱਕਿਆਂ ਦੀ ਵਰਤੋਂ ਕਰੋ: ਜਬ, ਹੁੱਕ, ਕਰੌਸ ਅਤੇ ਅੱਪਰਕੱਟ।

## ਯਾਦਦਾਸ਼ਤ ਤੁਕ ਵਾਲੀ ਖੇਡ

ਇਸ ਪ੍ਰੋਗਰਾਮ ਦੀਆਂ ਸਾਰੀਆਂ ਖੇਡਾਂ ਹਫਤੇ ਦੀ ਯਾਦਦਾਸ਼ਤ ਤੁਕ ਯਾਦ ਕਰਨ ਲਈ ਹਨ। ਦਿੱਤੀਆਂ ਹੋਈਆਂ ਖੇਡਾਂ ਖੇਡੋ, ਜਾਂ ਫਿਰ ਆਪਣੇ ਵਿਦਿਆਰਥੀਆਂ ਨੂੰ ਕਹੋ ਕਿ ਉਹ ਹਰ ਹਫਤੇ ਖੇਡਣ ਲਈ ਆਪਣੀ ਪਸੰਦੀਦਾ ਖੇਡ ਚੁਣਨ। ਖੇਡ ਖੇਡਣ ਲਈ ਜੇ ਕਿਸੇ ਵੀ ਚੀਜ਼ ਦੀ ਲੋੜ ਹੈ ਤਾਂ ਸਮੇਂ ਤੋਂ ਪਹਿਲਾਂ ਹੀ ਤਿਆਰ ਰੱਖੋ।

## ਪ੍ਰਸ਼ਨ ਅਤੇ ਉੱਤਰ (ਵੱਡੇ ਵਿਦਿਆਰਥੀਆਂ ਲਈ)

ਵਿਦਿਆਰਥੀਆਂ ਨਾਲ ਗੱਲਬਾਤ ਸ਼ੁਰੂ ਕਰਨ ਲਈ ਹਰ ਪਾਠ 'ਚ ਤਿੰਨ ਪ੍ਰਸ਼ਨ ਦਿੱਤੇ ਗਏ ਹਨ। ਇਹ ਵਿਦਿਆਰਥੀਆਂ ਦੀਆਂ ਅਡਵਾਂਸਡ ਕਿਤਾਬਾਂ ਲਈ ਹਨ (ਜਿਨ੍ਹਾਂ ਦੀ ਉਮਰ 13-15 ਸਾਲ ਹੋਵੇ), ਪਰ ਤੁਸੀਂ ਇਹਨਾਂ ਨੂੰ ਹੋਰ ਉਮਰ ਦੇ ਵਿਦਿਆਰਥੀਆਂ ਨਾਲ ਵੀ ਕਰਕੇ ਦੇਖ ਸਕਦੇ ਹੋ ਕਿ ਕੋਈ ਬਹਿਸ ਛਿੜਦੀ ਹੈ ਜਾਂ ਨਹੀਂ। ਬਸ ਤੁਹਾਡਾ ਕੰਮ ਹੈ ਵਿਦਿਆਰਥੀਆਂ ਨੂੰ ਸੋਚ 'ਚ ਪਾਉਣਾ। ਅਜਿਹਾ ਕਰਨ ਲਈ, ਇਹ ਬਹੁਤ ਜਰੂਰੀ ਹੈ ਕਿ ਤੁਸੀਂ ਉਹਨਾਂ ਨੂੰ ਇੱਕਦਮ ਹੀ ਉੱਤਰ ਨਾ ਦੱਸੋਂ। ਜਿੰਨਾ ਜਿਆਦਾ ਉਹ ਕਿਸੇ ਵਿਸ਼ੇ 'ਤੇ ਲੜਨਗੇ, ਉਨਾ ਜਿਆਦਾ ਉਹ ਸੋਚ 'ਚ ਪੈਣਗੇ, ਤੇ ਇਸ ਤਰੀਕੇ ਨਾਲ ਤੁਸੀਂ ਚੰਗੇ ਅਧਿਆਪਕ ਦਾ ਫਰਜ਼ ਨਿਭਾਉਗੇ। ਜੇ ਉਹ ਕਿਸੇ ਵਿਸ਼ੇ ਨੂੰ ਲੈਕੇ ਅਸਲੀ ਬਹਿਸ ਕਰਨ ਲੱਗ ਪਏ, ਤਾਂ ਮੰਨਿਓ ਤੁਸੀਂ ਬਹੁਤ ਵਧੀਆ ਕਰ ਰਹੇ ਹੋਂ। ਜੇ ਤੁਹਾਡੇ ਵਿਦਿਆਰਥੀ ਛੇਤੀ ਹੀ ਬਹਿਸ ਦੇ ਇੱਕ ਪਾਸੇ ਹੋ ਜਾਂਦੇ ਨੇ, ਤਾਂ ਉਹਨਾਂ ਮੂਹਰੇ ਦੂਜਾ ਪਾਸਾ ਵੀ ਰੱਖੋ ਜਿਸ ਨਾਲ ਉਹ ਹੋਰ ਸੋਚਣ ਲੱਗਣ ਜਾਣ ਤੇ ਆਪਣਾ ਪੱਖ ਰੱਖਣ।

## ਮੈਚ ਕਾਰਡ

ਹਾਜ਼ਰੀ ਇਨਾਮ ਵੰਡੋ, ਇਹ ਉਹ ਕਾਰਡ ਹੁੰਦਾ ਹੈ ਜਿਸ ਉੱਪਰ ਹਫਤੇ ਦੇ ਲੜਾਈ ਵਾਲੇ ਮੈਚ ਦਾ ਵੇਰਵਾ ਹੁੰਦਾ ਹੈ। ਆਪਣੇ ਵਿਦਿਆਰਥੀਆਂ ਨੂੰ ਪੂਰਾ ਸਾਲ ਹਾਜ਼ਰੀ ਭਰਨ ਲਈ ਉਤਸ਼ਾਹਿਤ ਕਰੋ, ਜਿਸ ਨਾਲ ਉਹਨਾਂ ਨੂੰ ਸਾਰੇ ਕਾਰਡ ਮਿਲ ਜਾਣਗੇ! ਤੁਸੀਂ ਇਹਨਾਂ

ਕਾਰਡਾਂ ਨੂੰ ਬਹੁਤ ਘੱਟ ਕੀਮਤ ਵਿੱਚ ਡਾਊਨਲੋਡ ਅਤੇ ਪ੍ਰਿੰਟ ਕਰ ਸਕਦੇ ਹੋ। ਕਾਰਡਾਂ ਦੀ ਵਰਤੋਂ ਕਰਕੇ ਤੁਸੀਂ ਯਾਦਦਾਸ਼ਤ ਖੇਡ ਵੀ ਖੇਡ ਸਕਦੇ ਹੋ, ਬਸ ਕਰਨਾ ਕੀ ਹੁੰਦਾ ਹੈ ਕਿ ਹਰੇਕ ਅਸਾਈਨਮੈਂਟ ਨੂੰ ਕਿਸੇ ਪਾਪ ਨਾਲ ਮਿਲਾਉਣਾ ਹੁੰਦਾ ਹੈ।

## ਛੋਟੇ ਗਰੁੱਪ

3-7 ਸਾਲਾਂ ਦੇ ਬੱਚਿਆਂ ਦੇ ਛੋਟੇ-ਛੋਟੇ ਗਰੁੱਪ ਬਣਾਓ। ਹਰੇਕ ਛੋਟੇ ਗਰੁੱਪ ਨੂੰ ਇੱਕ ਕੋਚ ਦੀ ਲੋੜ ਹੁੰਦੀ ਹੈ। ਕੋਚਾਂ ਨੂੰ ਹਰ ਹਫਤੇ ਕਲਾਸ 'ਚ ਆਉਣ ਦੀ ਲੋੜ ਨੀ ਹੁੰਦੀ, ਸਗੋਂ ਉਹਨਾਂ ਦਾ ਫਰਜ਼ ਹੁੰਦਾ ਹੈ ਕਿ ਉਹ ਹਰ ਹਫ਼ਤੇ ਆਪਣੇ ਵਿਦਿਆਰਥੀਆਂ ਜਾਂ "ਐਥਲੀਟਾਂ" ਦੀ ਚੈਕਿੰਗ ਕਰਨ। ਆਪਣੇ ਲੀਡਰਾਂ 'ਚੋਂ ਕਿਸੇ ਇੱਕ ਨੂੰ ਹੈੱਡ ਕੋਚ ਬਣਾ ਦਿਓ ਜੋ ਬਾਕੀ ਕੋਚਾਂ ਨੂੰ ਸਾਂਭ ਕੇ ਰੱਖੇਗਾ ਤੇ ਉਨ੍ਹਾਂ ਨੂੰ ਪ੍ਰੇਰਿਤ ਕਰੇਗਾ।

ਆਪਣੀ ਕਲਾਸ ਨੂੰ ਛੋਟੇ-ਛੋਟੇ ਗਰੁੱਪਾਂ 'ਚ ਵੰਡ ਦਿਓ ਤਾਂ ਜੋ ਤੁਹਾਡੇ ਵਿਦਿਆਰਥੀ ਆਪਣੀਆਂ ਹਫਤਾਵਰੀ ਅਸਾਈਨਮੈਂਟਾਂ ਨੂੰ ਪੂਰੀ ਚੰਗੀ ਤਰ੍ਹਾਂ ਕਰ ਸਕਣ। ਜਿਆਦਾਤਰ ਸੰਡੇ ਸਕੂਲ ਪ੍ਰੋਗਰਾਮ ਚਰਚਾਂ ਵਿੱਚ ਹੁੰਦੇ ਨੇ, ਤੇ ਉਹਨਾਂ ਨੂੰ ਹਫਤੇ ਦੌਰਾਨ ਹੋਮਵਰਕ ਨਹੀਂ ਕਰਨਾ ਪੈਂਦਾ। ਪਰ, ਤੁਹਾਡੇ ਵਿਦਿਆਰਥੀ ਸਿਰਫ ਪਾਪ ਬਾਰੇ ਜਾਣਕੇ ਹੀ ਉਸਨੂੰ ਆਪਣੀ ਜ਼ਿੰਦਗੀ 'ਚੋਂ ਬਾਹਰ "ਧੱਕਾ" ਨਹੀਂ ਮਾਰ ਸਕਦੇ। ਉਹਨਾਂ ਨੂੰ ਅਸਲ 'ਚ 'ਅਖਾੜੇ 'ਚ ਆਉਣਾ' ਪਵੇਗਾ ਤੇ ਹਫਤੇ ਦੌਰਾਨ ਜੋ ਵੀ ਪਾਪ ਉਨ੍ਹਾਂ ਸਾਹਮਣੇ ਆਉਂਦਾ ਹੈ ਉਹਦੇ ਨਾਲ ਜਮ ਕੇ ਲੜਨਾ ਪਵੇਗਾ। ਸੱਚ ਕਹਾਂ ਤਾਂ, ਉਹ ਇਸਨੂੰ ਫਿਰ ਹੀ ਕਰ ਪਾਉਣਗੇ ਜੇ ਉਹਨਾਂ ਦੀ ਕੋਈ ਚੈਕਿੰਗ ਕਰਨ ਵਾਲਾ ਹੋਵੇਗਾ, ਨਹੀਂ ਤਾਂ ਇਹ ਸੰਭਵ ਨਹੀਂ। ਜਦੋਂ ਉਹ ਕਹਿੰਦੇ ਨੇ ਕਿ ਉਹਨਾਂ ਨੇ ਤਾਂ ਅਸਾਈਨਮੈਂਟ ਕਰ ਲਈ ਤਾਂ "ਉਹਨਾਂ 'ਤੇ ਵਿਸ਼ਵਾਸ" ਨਾ ਕਰ ਲੈਣਾ। ਜੇ ਤੁਸੀਂ ਇਸ ਪ੍ਰੋਗਰਾਮ ਪ੍ਰਤੀ ਆਪਣੀ ਥੋੜ੍ਹੀ ਜੀ ਵੀ ਢਿੱਲ ਦਿਖਾਉਂਦੇ ਹੋ, ਤਾਂ ਤੁਸੀਂ ਸਿੱਧਾ-ਸਿੱਧਾ ਆਪਣੇ ਵਿਦਿਆਰਥੀਆਂ ਨੂੰ ਝੂਠ ਬੋਲਣ ਲਈ ਕਹੋਂਗੇ। ਪਰ, ਜ਼ਰਾ ਮੇਰੇ ਨਾਲ ਸੋਚ ਕੇ ਦੇਖੋ ਕਿ ਜੇ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਕੋਚਿੰਗ ਦਿਓਂ, ਤੇ ਉਹਨਾਂ ਦਾ ਹੋਮਵਰਕ ਟ੍ਰੈਕ ਕਰਦੇ ਰਹੋਂ ਕਿ ਉਹ ਕਰ ਰਹੇ ਨੇ ਜਾਂ ਨਹੀਂ, ਤਾਂ ਤੁਸੀਂ ਅਸਲ 'ਚ ਉਨ੍ਹਾਂ ਦੀ ਜ਼ਿੰਦਗੀ ਬਦਲਦੇ ਦੇਖੋਗੇ। ਸਿਰਫ 1 ਸਾਲ 'ਚ ਹੀ, ਤੁਸੀਂ ਉਨ੍ਹਾਂ ਦੀ ਜ਼ਿੰਦਗੀ ਬਦਲ ਕੇ ਰੱਖ ਸਕਦੇ ਹੋ! ਤੁਹਾਡੇ ਵਿਦਿਆਰਥੀ ਇਸ ਰੂਹੀ ਫਲ ਨੂੰ ਸਿਰਫ ਯਾਦ ਹੀ ਨਹੀਂ ਕਰ ਰਹੇ ਹੋਣਗੇ, ਸਗੋਂ ਇਸਨੂੰ ਅਸਲ 'ਚ ਜਿਉਣਾ ਵੀ ਸਿੱਖ ਰਹੇ ਹੋਣਗੇ।

ਤੁਹਾਡੇ ਕੋਚਾਂ ਲਈ ਅਸੀਂ ਪਰਚੇ ਤਿਆਰ ਕੀਤੇ ਨੇ ਤੇ ਤੁਹਾਡੇ ਹੈੱਡ ਕੋਚ ਲਈ ਅਸੀਂ ਇੱਕ ਛੋਟੀ ਜਿਹੀ ਕਿਤਾਬ ਤਿਆਰ ਕੀਤੀ ਹੈ ਤਾਂ ਜੋ ਤੁਸੀਂ ਇਹਨਾਂ ਛੋਟੇ ਗਰੁੱਪਾਂ ਨੂੰ ਚੰਗੀ ਤਰ੍ਹਾਂ ਸਾਂਭ ਸਕੋਂ। ਕੋਚਾਂ ਲਈ ਇਹ ਪਰਚੇ ਹਰ ਹਫਤੇ ਵੰਡੇ ਜਾਣਗੇ ਤੇ ਹਰੇਕ ਰੂਹੀ ਫਲ ਲਈ ਇਹ ਪਰਚਾ ਹੋਇਆ ਕਰੇਗਾ। ਹੈੱਡ ਕੋਚ ਕੋਲ ਇੱਕ ਛੋਟੀ ਕਿਤਾਬ ਹੁੰਦੀ ਹੈ ਜਿਸ 'ਚ ਪੂਰੇ 3-ਮਹੀਨੇ ਦੇ ਯੂਨਿਟ ਦੀਆਂ ਅਸਾਈਨਮੈਂਟਾਂ ਹੁੰਦੀਆਂ ਨੇ।



## ਕੋਚਾਂ ਦੀਆਂ ਜ਼ਿੰਮੇਵਾਰੀਆਂ

**ਕੋਚ:**

- 3-5 ਬੱਚਿਆਂ ਨੂੰ ਕੋਚਿੰਗ ਦਿਓ।
- ਹਰ ਹਫਤੇ ਕਲਾਸ ਸ਼ੁਰੂ ਹੋਣ ਤੋਂ 5 ਮਿੰਟ ਪਹਿਲਾਂ ਤੇ ਕਲਾਸ ਖਤਮ ਹੋਣ ਤੋਂ 5 ਮਿੰਟ ਬਾਅਦ ਆਪਣੇ ਵਿਦਿਆਰਥੀਆਂ ਨਾਲ ਅਸਾਈਨਮੈਂਟ ਬਾਰੇ ਗੱਲ-ਬਾਤ ਕਰੋ ਤੇ ਉਹਨਾਂ ਨੂੰ ਚੈਂਪੀਅਨ ਬਣਨ ਲਈ ਉਤਸ਼ਾਹਿਤ ਕਰੋ।
- ਅਸਾਈਨਮੈਂਟ ਬਾਰੇ ਯਾਦ ਕਰਾਉਣ ਲਈ ਵਿਦਿਆਰਥੀਆਂ ਨੂੰ ਹਰ ਹਫਤੇ ਫੋਨ ਕਰੋ ਜਾਂ ਮੈਸੇਜ ਕਰੋ। (ਸੁਝਾਅ=ਮੰਗਲਵਾਰ)
- ਅਸਾਈਨਮੈਂਟ ਦੀ ਰਿਪੋਰਟ ਲੈਣ ਲਈ ਵਿਦਿਆਰਥੀਆਂ ਨੂੰ ਹਫਤੇ ਦੌਰਾਨ ਦੂਜੀ ਵਾਰ ਫੋਨ ਕਰੋ ਜਾਂ ਮੈਸੇਜ ਕਰੋ। (ਸੁਝਾਅ=ਸ਼ੁੱਕਰਵਾਰ)
- ਬੱਚਿਆਂ ਦੇ ਛੋਟੇ ਗਰੁੱਪਾਂ ਦੇ ਅਸਾਈਨਮੈਂਟਾਂ ਦੀ ਰਿਪੋਰਟ ਆਪਣੇ ਹੈੱਡ ਕੋਚ ਨੂੰ ਹਰ ਹਫਤੇ ਦਿਓ।

**ਹੈੱਡ ਕੋਚ:**

- ਹਰ ਹਫਤੇ ਕਲਾਸ ਸ਼ੁਰੂ ਹੋਣ ਤੋਂ 5 ਮਿੰਟ ਪਹਿਲਾਂ ਸਾਰੇ ਕੋਚਾਂ ਨੂੰ ਮਿਲੋ ਤੇ ਉਹਨਾਂ ਨਾਲ ਅਸਾਈਨਮੈਂਟ ਦੀ ਗੱਲਬਾਤ ਕਰੋ, ਨਾਲ ਹੀ ਉਹਨਾਂ ਨੂੰ ਉਤਸ਼ਾਹਿਤ ਕਰੋ ਤਾਂ ਜੋ ਉਹ ਆਪਣੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਕੋਚਿੰਗ ਦੇ ਸਕਣ।
- ਅਸਾਈਨਮੈਂਟ ਬਾਰੇ ਯਾਦ ਕਰਾਉਣ ਲਈ ਕੋਚਾਂ ਨੂੰ ਹਰ ਹਫਤੇ ਫੋਨ ਕਰੋ ਜਾਂ ਮੈਸੇਜ ਕਰੋ। (ਸੁਝਾਅ=ਮੰਗਲਵਾਰ)
- ਅਸਾਈਨਮੈਂਟ ਦੀ ਰਿਪੋਰਟ ਲੈਣ ਲਈ ਕੋਚਾਂ ਨੂੰ ਹਫਤੇ ਦੌਰਾਨ ਦੂਜੀ ਵਾਰ ਫੋਨ ਕਰੋ ਜਾਂ ਮੈਸੇਜ ਕਰੋ। (ਸੁਝਾਅ=ਸ਼ੁੱਕਰਵਾਰ)
- ਸਾਰੇ ਵਿਦਿਆਰਥੀਆਂ ਦੀਆਂ ਅਸਾਈਨਮੈਂਟਾਂ ਦੀ ਰਿਪੋਰਟ ਲਓ।

- ਹਰ ਮਹੀਨੇ ਕੋਚਾਂ ਨਾਲ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਪ੍ਰੇਰਣਾਦਾਇਕ ਮੀਟਿੰਗਾਂ ਕਰੋ।

## ਭਰਤੀ

ਜਿਆਦਾ ਲੀਡਰਾਂ ਨੂੰ ਭਰਤੀ ਕਰੋ ਤਾਂ ਜੋ ਤੁਹਾਡੇ ਕੋਲ ਛੋਟੇ ਗਰੁੱਪਾਂ ਦੇ ਕਾਫੀ ਕੋਚ ਬਣ ਜਾਣ, ਹਾਂ ਇਹ ਇੱਕ ਚੁਣੌਤੀ ਤਾਂ ਹੈ। ਪਰ, ਇਹ ਇਨਾ ਵੀ ਔਖਾ ਨਹੀਂ ਜਿੰਨਾ ਲੱਗਦਾ। ਇਹਨਾਂ ਕੁਝ ਤਰੀਕਿਆਂ ਨਾਲ ਤੁਸੀਂ ਆਸਾਨੀ ਨਾਲ ਕੋਚ ਲੱਭ ਸਕਦੇ ਹੋ:

- ਕੋਚਾਂ ਨੂੰ ਕਹੋ ਕਿ ਉਹ ਸਿਰਫ 1 ਮਹੀਨੇ ਲਈ ਆਪਣੀ ਸੇਵਾ ਦੇਣ। ਮਹੀਨੇ 'ਚ ਇੱਕ ਰੂਹੀ ਫਲ ਕਵਰ ਕੀਤਾ ਜਾਂਦਾ ਹੈ। ਵੱਡਿਆਂ ਤੋਂ ਵਾਅਦਾ ਲੈਂਦੇ ਸਮੇਂ, ਜੇ ਤੁਸੀਂ ਸਿਰਫ 1 ਮਹੀਨੇ ਦਾ ਵਾਅਦਾ ਲੈਂਦੇ ਹੋ, ਤਾਂ ਜਿਆਦਾ ਤੋਂ ਜਿਆਦਾ ਲੋਕ ਹਾਂ ਕਰਨਗੇ। ਪਹਿਲੇ ਮਹੀਨੇ ਤੋਂ ਬਾਅਦ, ਜੇ ਸਭ ਕੁਝ ਸੌਖਾ ਲੱਗਦਾ ਹੈ, ਤਾਂ ਉਹ ਫਿਰ ਤੋਂ ਹਾਂ ਕਰਨਗੇ।
- ਕੋਚਾਂ ਨੂੰ ਕਹੋ ਕਿ ਉਹ ਪਹਿਲਾਂ ਵਾਂਗ ਹੀ ਚਰਚ ਆਉਣ, ਪਰ ਆਪਣੇ ਵਿਦਿਆਰਥੀਆਂ ਨੂੰ ਮਿਲਣ ਲਈ 10 ਮਿੰਟ ਪਹਿਲਾਂ ਪਹੁੰਚ ਜਾਇਆ ਕਰਨ। ਤੁਹਾਡੇ ਕੋਚ ਮਹੀਨੇ 'ਚ ਇੱਕ ਵਾਰ ਸੰਡੇ ਸਕੂਲ ਵਾਲੀ ਕਲਾਸ 'ਚ ਆਇਆ ਕਰਨਗੇ, ਬਾਕੀ ਦੇ ਹਫਤੇ ਉਹ ਵੱਡਿਆਂ ਨਾਲ ਆਮ ਹੀ ਚਰਚ 'ਚ ਆ ਸਕਦੇ ਨੇ।
- ਫੋਨ ਕਰਨ ਦੀ ਬਜਾਏ ਵਿਦਿਆਰਥੀਆਂ ਨੂੰ ਮੈਸੇਜ ਕਰੋ। ਆਪਣੇ ਕੋਚਾਂ ਦੇ ਫੋਨਾਂ 'ਤੇ ਪੂਰੇ ਮਹੀਨੇ ਲਈ ਆਟੋਮੈਟਿਕ ਮੈਸੇਜ ਭੇਜਣੇ ਲਾ ਦਿਓ, ਤਾਂ ਜੋ ਉਹ ਆਸਾਨੀ ਨਾਲ ਆਪਣੇ ਵਿਦਿਆਰਥੀਆਂ ਦੇ ਸੰਪਰਕ 'ਚ ਰਹਿ ਸਕਣ। ਇਹ ਨਾ ਭੁੱਲੋ ਕਿ ਤੁਸੀਂ ਫੋਨ ਦੀ ਬਜਾਏ ਦੂਜੇ ਤਰੀਕੇ ਵੀ ਵਰਤ ਸਕਦੇ ਹੋ, ਜਿਵੇਂ ਕਿ ਫੇਸਬੁੱਕ, ਟਵਿੱਟਰ, ਵੱਟਸੱਪ ਆਦਿ।
- ਚਰਚ 'ਚ ਕੋਚਾਂ ਲਈ ਇੱਕ ਜਗ੍ਹਾ ਬਣਾਓ ਜਿੱਥੇ ਉਹ ਆਪਣੀਆਂ ਕੁਝ ਚੀਜ਼ਾਂ ਸੰਭਾਲ ਕੇ ਰੱਖ ਸਕਣ। "ਸਪੋਰਟੀ" ਦਿਖਣ ਲਈ ਤੁਹਾਡੇ ਕੋਚ ਸਪੋਰਟ ਕੈਪ ਪਹਿਨ ਸਕਦੇ ਨੇ ਜਾਂ ਫਿਰ ਸੀਟੀਆਂ ਤੇ ਪਾਣੀ ਦੀਆਂ ਬੋਤਲਾਂ ਆਪਣੇ ਨਾਲ ਰੱਖ ਸਕਦੇ ਨੇ। ਹਰ ਹਫਤੇ ਇਹ ਚੀਜ਼ਾਂ ਨਾਲ ਲਿਆਉਣੀਆਂ ਕਈ ਵਾਰ ਯਾਦ ਨਹੀਂ ਰਹਿੰਦੀਆਂ, ਇਸ ਕਰਕੇ ਉਹਨਾਂ ਨੂੰ ਇਹ ਚੀਜ਼ਾਂ ਚਰਚ 'ਚ ਹੀ ਛੱਡਣ ਦੀ ਇਜਾਜ਼ਤ ਦਿਓ। ਇਸ ਤਰੀਕੇ ਨਾਲ ਤੁਹਾਡੇ ਕੋਚ ਚਰਚ 'ਚ ਪਾਉਣ ਵਾਲੇ ਆਮ ਕੱਪੜੇ ਪਹਿਨ ਸਕਦੇ ਨੇ, ਤੇ ਕੋਚ ਦਿਖਣ ਲਈ ਉਹ ਇਥੇ ਆਕੇ ਕੁਝ "ਸਪੋਰਟ" ਵਾਲੀਆਂ ਚੀਜ਼ਾਂ ਪਾ ਸਕਦੇ ਨੇ।
- ਕੋਚਾਂ ਨਾਲ ਹਰ ਮਹੀਨੇ ਹੋਣ ਵਾਲੀ ਮੀਟਿੰਗ ਨੂੰ ਹੋਰ ਜਿਆਦਾ ਪ੍ਰੇਰਣਾਦਾਇਕ ਬਣਾਓ, ਤਾਂ ਜੋ ਉਹ ਸਾਰੇ ਸਾਲ ਦੌਰਾਨ ਪ੍ਰੋਗਰਾਮ 'ਚ ਹਿੱਸਾ ਲੈਂਦੇ ਰਹਿਣ।
- ਜੇ ਲੋੜ ਪਵੇ ਤਾਂ ਵੱਡੇ ਗਰੁੱਪਾਂ ਨੂੰ ਵੀ ਇਜਾਜ਼ਤ ਦਿਓ। (ਫੇਸਬੁੱਕ ਦੀਆਂ ਗਰੁੱਪ ਸੂਚਨਾਵਾਂ ਨਾਲ, ਕੋਈ ਵੀ 10 ਬੱਚਿਆਂ ਨੂੰ ਕੋਚਿੰਗ ਦੇ ਸਕਦਾ ਹੈ।)

## ਪ੍ਰੇਰਣਾਦਾਇਕ ਮੀਟਿੰਗਾਂ

ਹੈੱਡ ਕੋਚ ਦਾ ਮੁੱਖ ਕੰਮ ਇਹ ਹੁੰਦਾ ਹੈ ਕਿ ਉਹ ਆਪਣੇ ਕੋਚਾਂ ਨੂੰ ਪ੍ਰੇਰਿਤ ਕਰੇ ਰੱਖੇ। ਅਜਿਹਾ ਕਰਨ ਲਈ ਹਰ ਮਹੀਨੇ ਪ੍ਰੇਰਣਾਦਾਇਕ ਮੀਟਿੰਗਾਂ ਰੱਖ ਸਕਦੇ ਹਾਂ। ਤੁਸੀਂ ਭੋਜਨ ਛਕਾ ਸਕਦੇ ਹੋ, ਇਕੱਠੇ ਪ੍ਰਾਰਥਨਾ ਕਰ ਸਕਦੇ ਹੋ, ਸਪੋਰਟਸ ਡੇਟਾ ਦੇਖ ਸਕਦੇ ਹੋ ਤੇ ਇਹ ਸਮਝ ਸਕਦੇ ਹੋ ਕਿ ਇਹਦਾ ਆਪਣੇ ਈਸਾਈ ਜੀਵਨ 'ਤੇ ਕੀ ਅਸਰ ਹੋ ਸਕਦਾ ਹੈ। ਨਾਲ ਹੀ, ਤੁਸੀਂ ਓਲੰਪਿਕ ਐਥਲੀਟਾਂ ਨੂੰ ਦੇਖ ਸਕਦੇ ਹੋ ਜਾਂ ਫਿਰ ਸਵਾਦਿਸ਼ਟ ਭੋਜਨ ਜਾਂ ਪੌਪਕਾਰਨ ਖਾਂਦੇ-ਖਾਂਦੇ ਕੋਈ ਪ੍ਰੇਰਣਾਦਾਇਕ ਸਪੋਰਟਸ ਫਿਲਮ ਦੇਖ ਸਕਦੇ ਹੋ। ਆਪਣੇ ਕੋਚਾਂ ਨਾਲ ਗੱਲ-ਬਾਤ ਕਰੋ ਕਿ ਜੇਕਰ ਐਥਲੀਟਾਂ ਨੂੰ ਆਪਣੀ ਮਿਹਨਤ ਦਾ ਫਲ ਮਿਲਿਆ ਹੈ ਤਾਂ ਕੀ ਸਾਨੂੰ ਵੀ ਸਖਤ ਮਿਹਨਤ ਕਰਨ ਨਾਲ ਅਧਿਆਤਮਿਕ ਅਤੇ ਸਦੀਵੀ ਫਲ ਮਿਲੇਗਾ?

## ਪੁਰਸਕਾਰ ਸਮਾਰੋਹ

ਕੋਚ ਹੋਣ ਦਾ ਜਰੂਰੀ ਕੰਮ ਇਹ ਹੈ ਕਿ ਤੁਸੀਂ ਆਪਣੇ ਵਿਦਿਆਰਥੀਆਂ ਨੂੰ ਜੇਤੂਆਂ ਵਾਂਗ ਮਹਿਸੂਸ ਕਰਾਓ। ਇਹਦਾ ਮਤਲਬ ਇਹ ਹੈ ਕਿ ਤੁਹਾਨੂੰ ਦੱਸਣਾ ਪਏਗਾ ਕਿ ਤੁਸੀਂ ਕਿਸ ਤਰੀਕੇ ਦਾ ਵਿਵਹਾਰ ਚਾਹੁੰਦੇ ਹੋ, ਤੇ ਫਿਰ ਉਸ ਵਿਵਹਾਰ ਨੂੰ ਇਨਾਮ ਦਿਓ। ਸਾਡਾ ਸੁਝਾਅ ਇਹ ਹੈ ਕਿ ਤੁਸੀਂ ਉਨ੍ਹਾਂ ਵਿਦਿਆਰਥੀਆਂ ਨੂੰ ਇਨਾਮ ਦਿਓ ਜਿਨ੍ਹਾਂ ਨੇ ਆਪਣੀ ਹੋਮਵਰਕ ਅਸਾਈਨਮੈਂਟ ਪੂਰੀ ਕਰ ਲਈ ਹੈ, ਜਦੋਂ ਉਹ ਹਫਤੇ ਦੇ ਸਬਕ ਨੂੰ ਆਪਣੀ ਜ਼ਿੰਦਗੀ 'ਚ ਲਾਗੂ ਕਰ ਲੈਣ। ਹਾਜ਼ਰੀ ਲਵਾਉਣ ਤੇ ਯਾਦ ਕਰਨ ਨੂੰ "ਟ੍ਰੇਨਿੰਗ" ਕਹਿ ਸਕਦੇ ਹਾਂ ਤੇ ਹਫਤੇ ਦੇ ਦੌਰਾਨ ਅਸਾਈਨਮੈਂਟਾਂ ਕਰਨ ਨੂੰ ਅਸਲੀ ਮੁਕਾਬਲਾ ਕਿਹਾ ਜਾ ਸਕਦਾ ਹੈ। ਆਪਣੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੋ ਤੇ ਕਹੋ ਕਿ ਟ੍ਰੇਨਿੰਗ ਉਨ੍ਹਾਂ ਲਈ ਬਹੁਤ ਜਰੂਰੀ ਹੈ ਜੇ ਉਹ ਜਿੱਤਣਾ ਚਾਹੁੰਦੇ ਹਨ। ਪਰ, ਅਸਲੀ ਮੁਕਾਬਲਾ ਤਾਂ ਬਾਹਰ ਦੁਨੀਆਂ 'ਚ ਵਿਚਰ ਕੇ ਹੀ ਹੁੰਦਾ ਹੈ ਜਿੱਥੇ ਉਹ ਅਸਲ 'ਚ ਜੇਤੂ ਬਣਦੇ ਹਨ।

ਇੱਕ ਤਰੀਕਾ ਇਹ ਵੀ ਹੈ ਕਿ ਜਦੋਂ ਤੁਸੀਂ ਹਰ ਰੂਹੀ ਫਲ ਪੜ੍ਹਕੇ ਪੂਰਾ ਕਰ ਲਵੋਂ ਤਾਂ ਮਹੀਨੇ ਦੇ ਅਖੀਰ ਵਿੱਚ ਇੱਕ ਪੁਰਸਕਾਰ ਸਮਾਰੋਹ ਰੱਖ ਸਕਦੇ ਹੋ। ਜਿਵੇਂ ਲਵ (ਪਿਆਰ) ਪੜ੍ਹਨ ਲਈ 5 ਹਫਤੇ ਚਾਹੀਦੇ ਹਨ। ਤੇ ਜਿਨ੍ਹਾਂ ਨੇ ਘੱਟੋ-ਘੱਟ 3 ਹਫਤੇ ਤੱਕ ਅਸਾਈਨਮੈਂਟ ਕੀਤੀ, ਉਨ੍ਹਾਂ ਨੂੰ ਕਾਂਸੀ ਦਾ ਤਗਮਾ ਦੇ ਸਕਦੇ ਹੋ, 4 ਹਫਤੇ ਤੱਕ ਕਰਨ ਵਾਲਿਆਂ ਨੂੰ ਚਾਂਦੀ ਦਾ ਤੇ 5 ਹਫਤੇ ਪੂਰੇ ਕਰਨ ਵਾਲਿਆਂ ਨੂੰ ਸੋਨੇ ਦਾ ਤਗਮਾ ਦੇ ਸਕਦੇ ਹੋ। ਤੁਸੀਂ ਇਹ ਆਪਣੇ ਹਿਸਾਬ ਨਾਲ ਦੇਖ ਸਕਦੇ ਹੋ ਕਿ ਪਹਿਲਾ ਮਹੀਨਾ ਪੂਰਾ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਕਿਹੜੇ ਤਗਮੇ ਦੇਣੇ ਨੇ, ਕਿਉਂਕਿ ਕੁਝ ਪਿੰਡਾਂ ਤੇ ਕਸਬਿਆਂ ਨੂੰ ਦੂਜਿਆਂ ਨਾਲੋਂ ਵੱਧ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ। ਕਈ ਖੇਤਰ ਦੂਜਿਆਂ ਨਾਲੋਂ ਤੇਜ਼ ਧਰਮ ਪ੍ਰਚਾਰਕ ਹੋਣਗੇ, ਤੇ ਤੁਹਾਨੂੰ ਸੌਖੀਆਂ ਅਸਾਈਨਮੈਂਟਾਂ ਦੀ ਲੋੜ ਹੋਵੇਗੀ ਤਾਂ ਜੋ ਉਹ ਉਤਸ਼ਾਹਿਤ ਹੋਏ ਰਹਿਣ ਤੇ ਤੁਹਾਡੀ ਕਲਾਸ 'ਚ ਬਣੇ ਰਹਿਣ।

ਸਾਲ ਦੇ ਅਖੀਰ 'ਚ, ਉਨ੍ਹਾਂ ਨੂੰ ਵੱਡੇ ਇਨਾਮ ਦਿਓ ਜਿਨ੍ਹਾਂ ਨੇ ਪੂਰੇ ਸਾਲ ਭਰ 'ਚ ਜਿਆਦਾ ਇਨਾਮ ਜਿੱਤੇ ਹਨ। ਇਹ ਕੋਈ ਟਰੌਫੀ ਵੀ ਹੋ ਸਕਦੀ ਹੈ ਜਾਂ ਫਿਰ ਕੋਈ ਵਧੀਆ ਜਾ ਤਮਗਾ ਵੀ ਹੋ ਸਕਦਾ ਹੈ। ਹੋਰ ਖਾਸ ਬਣਾਉਣ ਲਈ ਵਿਦਿਆਰਥੀਆਂ ਨੂੰ ਇਹ ਇਨਾਮ ਸਟੇਜ ਉੱਤੇ ਵੱਡਿਆਂ ਦੇ ਸਾਹਮਣੇ ਦਿਓ!



# 1. ਸਬਰ ਤੇ ਬੇਸਬਰੀ

**ਬਾਈਬਲ ਦੀ ਕਹਾਣੀ: ਸੁਨਿਹਰੀ ਵੱਛਾ**

**ਐਕਸਡਸ 32**


## ਨਾਟਕ 1

ਵਾਈਸ ਵਿਲੀ ਦੋਨਾਂ ਲਈ ਰਾਤ ਦਾ ਸਵਾਦਿਸ਼ਟ ਖਾਣਾ ਬਣਾਉਣ ਲੱਗਦਾ ਹੈ। ਫੂਲਿਸ਼ ਫ੍ਰੈਡ ਉਡੀਕਦਾ-ਉਡੀਕਦਾ ਥੱਕ ਜਾਂਦਾ ਹੈ ਤੇ ਇੱਕ ਫੁੱਟਬਾਲ ਖਾਣ ਦੀ ਕੋਸ਼ਿਸ਼ ਕਰਦਾ ਹੈ।

## ਯਾਦਦਾਸ਼ਤ ਤੁਕ 1

"ਅਤੇ ਉਸ ਦੀ ਮਹਿਮਾ ਦੀ ਸ਼ਕਤੀ ਦੇ ਅਨੁਸਾਰ ਸਾਰੀ ਸਮਰੱਥਾ ਨਾਲ ਸਮਰਥ ਹੋ ਜਾਵੋ ਤਾਂ ਜੋ ਤੁਸੀਂ ਅਨੰਦ ਨਾਲ ਪੂਰਾ ਸਹਾਰਾ ਅਤੇ ਧੀਰਜ ਕਰੋ." ਕੁਲੁੱਸੀਆਂ ਨੂੰ 1:11

## ਮੁੱਖ ਪਾਠ 1





"ਚੈਂਪੀਅਨ" ਵਿੱਚ ਤੁਹਾਡਾ ਸੁਆਗਤ ਹੈ, ਇਸ ਮਹੀਨੇ ਆਪਾਂ ਸਬਰ ਕਰਨ ਬਾਰੇ ਸਿਖਾਂਗੇ। ਅੱਜ ਦੀ ਬਾਈਬਲ ਕਹਾਣੀ ਇਜ਼ਰਾਈਲੀਆਂ ਬਾਰੇ ਤੇ ਉਹਨਾਂ ਦੀ ਬੇਸਬਰੀ ਬਾਰੇ ਹੈ। ਬਸ 3 ਮਹੀਨੇ ਪਹਿਲਾਂ ਹੀ (ਐਕਸਡਸ 19:1) ਤਾਂ ਉਨ੍ਹਾਂ ਨੂੰ ਪਲੇਗ ਤੋਂ ਬਚਾਇਆ ਗਿਆ ਸੀ, ਮਿਸਰ 'ਚ ਗੁਲਾਮੀ ਕਰਨ ਤੋਂ ਬਚਾਇਆ ਗਿਆ ਸੀ, ਅਤੇ ਪ੍ਰਮਾਤਮਾ ਨੇ ਉਨ੍ਹਾਂ ਨੂੰ ਅੱਗ ਤੇ ਬੱਦਲਾਂ ਸਹਾਰੇ ਬਚਾਇਆ ਸੀ। ਪ੍ਰਮਾਤਮਾ ਨੇ ਉਨ੍ਹਾਂ ਨੂੰ ਇੱਕ ਵਾਰ ਫਿਰ ਤੋਂ ਬਚਾਇਆ ਸੀ ਜਦੋਂ ਲਾਲ ਸਮੁੰਦਰ ਪਾਰ ਕਰਨਾ ਸੀ, ਰੇਗਿਸਤਾਨ 'ਚ ਪਾਣੀ ਦੇ ਜਲਵੇ ਦਿਖਾਏ ਸੀ, ਤੇ ਉਨ੍ਹਾਂ ਦਾ ਢਿੱਡ ਭਰਨ ਲਈ ਰੋਜ਼ਾਨਾ ਸਵਰਗ ਤੋਂ ਰੋਟੀ ਤੇ ਮੀਟ ਡਿੱਗਦੇ ਹੁੰਦੇ ਸੀ! (ਐਕਸਡਸ 16:1) ਪ੍ਰਮਾਤਮਾ ਨੇ ਮੋਸੇਜ਼ ਨੂੰ ਪਹਾੜੀ 'ਤੇ ਸੱਦਿਆ ਸੀ ਜਿੱਥੇ ਉਹ ਲੰਮਾ ਚਿਰ ਰਿਹਾ (40 ਦਿਨ, ਐਕਸਡਸ 24:18)। ਲੋਕਾਂ ਨੇ ਐਰਨ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਪ੍ਰਮਾਤਮਾ ਬਣਾ ਦੇਵੇ। ਐਰਨ ਨੇ ਉਨ੍ਹਾਂ ਦਾ ਸੋਨਾ ਇਕੱਠਾ ਕੀਤਾ ਤੇ ਉਸ ਸੋਨੇ ਦਾ ਇੱਕ ਸੁਨਿਹਰੀ ਵੱਛਾ ਬਣਾ ਲਿਆ ਤੇ ਉਨ੍ਹਾਂ ਨੇ ਖਾ-ਪੀਕੇ ਤੇ ਨੱਚ-ਟੱਪਕੇ ਉਸਦੀ ਪੂਜਾ ਕੀਤੀ। ਪ੍ਰਮਾਤਮਾ ਨੇ ਉਨ੍ਹਾਂ ਦਾ ਪਾਪ ਦੇਖਿਆ ਤੇ ਮੋਸੇਜ਼ ਨੂੰ ਕਿਹਾ ਕਿ ਉਹ ਛੇਤੀ-ਛੇਤੀ ਪਹਾੜੀ ਤੋਂ ਨੀਚੇ ਜਾਵੇ। ਪ੍ਰਮਾਤਮਾ ਤੇ ਮੋਸੇਜ਼ ਦੋਨੋਂ ਗੁੱਸੇ ਹੋ ਗਏ ਤੇ ਲੋਕਾਂ ਨੂੰ ਉਨ੍ਹਾਂ ਦੀ ਅਵੱਗਿਆ ਤੇ ਬੇਸਬਰੀ ਕਰਕੇ ਸਜ਼ਾ ਦਿੱਤੀ। ਪ੍ਰਮਾਤਮਾ ਸਾਡੇ ਨਾਲ ਉਸ ਤਰੀਕੇ ਨਾਲ ਬੋਲਦੇ ਹਨ ਜਿਵੇਂ ਉਹ ਉਹਨਾਂ ਲੋਕਾਂ ਨਾਲ ਉਸ ਵੇਲੇ ਬੋਲੇ। ਉਹ ਆਪਾਂ ਨੂੰ ਆਪਣੀ ਜ਼ਿੰਦਗੀ ਦੀ ਦਿਸ਼ਾ ਦੱਸਦਾ ਹੈ ਤੇ ਵਾਅਦੇ ਲੈਂਦਾ ਹੈ। ਉਹ ਤੁਹਾਡੇ ਕਰਨ ਨੂੰ ਮਿਸ਼ਨ ਦਿੰਦਾ ਹੈ ਤੇ ਤੁਹਾਡੇ ਅੰਦਰ ਕੋਈ ਖਾਸ ਕੰਮ ਕਰਨ ਦਾ ਜਨੂੰਨ ਦਿੰਦਾ ਹੈ ਜੋ ਤੁਸੀਂ ਭਵਿੱਖ 'ਚ ਜਾਕੇ ਕਰਦੇ ਹੋ। ਉਹ ਤੁਹਾਨੂੰ ਇੱਕ ਅਧਿਆਪਕ, ਇੱਕ ਪਾਦਰੀ ਜਾਂ ਫਿਰ ਇੱਕ ਡਾਕਟਰ ਬਣਨ ਲਈ ਕਹਿ ਸਕਦਾ ਹੈ। ਕਈ ਵਾਰ ਤਾਂ, ਪ੍ਰਮਾਤਮਾ ਆਪਾਂ ਨੂੰ ਕਈ ਸਾਲ ਪਹਿਲਾਂ ਹੀ ਆਵਾਜ਼ ਦੇਕੇ ਦੱਸ ਦਿੰਦੇ ਹਨ ਕਿ ਆਪਾਂ ਕਰਨਾ ਕੀ ਹੈ। ਉਦੋਂ ਹੀ ਆਪਾਂ ਨੂੰ ਸਬਰ ਰੱਖਣ ਦੀ ਲੋੜ ਹੁੰਦੀ ਹੈ। ਆਪਾਂ ਨੂੰ ਪਤਾ ਹੈ ਕਿ ਪ੍ਰਮਾਤਮਾ ਨੇ ਆਪਾਂ ਨੂੰ ਆਵਾਜ਼ ਦਿੱਤੀ ਹੋਈ ਹੈ, ਭਾਵੇਂ ਦੂਜਿਆਂ ਨੂੰ ਇਹਦੀ ਸਮਝ ਨਾ ਲੱਗਦੀ ਹੋਵੇ। ਇਹ ਕਹਿ ਦੇਣਾ ਕਿ ਮੇਰੇ ਕੋਲ ਤਾਂ ਯੋਗਦਾਨ ਪਾਉਣ ਨੂੰ ਕੁਝ ਹੈ ਹੀ ਨਹੀਂ, ਗਲਤ ਹੈ। ਹੋ ਸਕਦਾ ਹੈ ਕਿ ਪ੍ਰਮਾਤਮਾ ਤੁਹਾਨੂੰ ਕਹਿੰਦੇ ਹੋਣ ਕਿ ਉਹ ਤੁਹਾਨੂੰ ਠੀਕ ਕਰਨ ਜਾ ਰਹੇ ਨੇ ਪਰ ਤੁਸੀਂ ਅਜੇ ਵੀ ਬਿਮਾਰ ਹੋ। ਪ੍ਰਮਾਤਮਾ ਨੂੰ ਸਮੇਂ ਨੇ ਨਹੀਂ ਬੰਨ੍ਹਿਆ ਹੋਇਆ ਜਿਵੇਂ ਕਿ ਆਪਾਂ ਨੂੰ ਬੰਨ੍ਹਿਆ ਹੋਇਆ ਹੈ। ਪ੍ਰਮਾਤਮਾ ਹਮੇਸ਼ਾ ਤੋਂ

ਹੀ ਮੌਜੂਦ ਰਹੇ ਨੇ ਤੇ ਹਮੇਸ਼ਾ ਮੌਜੂਦ ਰਹਿਣਗੇ। ਆਪਾਂ ਅਜਿਹੇ ਪ੍ਰਾਣੀ ਹਾਂ ਜਿਨ੍ਹਾਂ ਦੀ ਮੌਤ ਤੈਅ ਹੈ ਤੇ ਘੜੀ ਆਪਣੀ ਟਿਕ-ਟਿਕ ਰਹੀ ਹੈ। ਮੋਸੇਜ਼ ਉਸ ਮਹੀਨੇ ਪਹਾੜੀ 'ਤੇ ਲੰਮਾ ਸਮਾਂ ਰਹੇ, ਇਸ ਦੌਰਾਨ ਇਜ਼ਰਾਈਲੀ ਬੇਸਬਰੇ ਹੋ ਗਏ। ਜਿਹੜੇ ਪ੍ਰਮਾਤਮਾ ਨੇ ਉਨ੍ਹਾਂ ਨੂੰ ਇਨੀ ਵਾਰ ਬਚਾਇਆ ਸੀ ਉਸਦੀ ਉਡੀਕ ਕਰਨ ਦੀ ਬਜਾਏ ਉਨ੍ਹਾਂ ਨੇ ਇੱਕ ਹੋਰ ਪ੍ਰਮਾਤਮਾ ਬਣਾ ਲਿਆ। ਕਈ ਵਾਰ ਆਪਾਂ ਪ੍ਰਮਾਤਮਾ ਦੇ ਦਿੱਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਖੁਦ ਹੀ ਜੁਗਾੜ ਲਾਉਣ ਲੱਗ ਜਾਂਦੇ ਹਾਂ, ਖੁਦ ਹੀ ਕੋਸ਼ਿਸ਼ਾਂ ਕਰਦੇ ਰਹਿੰਦੇ ਹਾਂ। ਇਹ ਪ੍ਰਮਾਤਮਾ ਦਾ ਆਸ਼ੀਰਵਾਦ ਨਹੀਂ ਹੁੰਦਾ। ਪ੍ਰਮਾਤਮਾ ਦਾ ਆਸ਼ੀਰਵਾਦ ਤਾਂ ਆਪਾਂ ਨੂੰ ਉਦੋਂ ਮਿਲਦਾ ਹੈ ਜਦੋਂ ਆਪਾਂ ਸਬਰ ਰੱਖਦੇ ਹਾਂ ਤੇ ਉਸਦੇ ਕੰਮ 'ਤੇ ਯਕੀਨ ਕਰਦੇ ਹਾਂ, ਉਸਦੇ ਸਮੇਂ 'ਤੇ ਯਕੀਨ ਰੱਖਦੇ ਹਾਂ। ਇਜ਼ਰਾਈਲੀ ਉਨ੍ਹਾਂ ਸਾਰੇ ਚਮਤਕਾਰਾਂ ਨੂੰ ਕਿਵੇਂ ਭੁੱਲ ਸਕਦੇ ਨੇ ਜੋ ਪ੍ਰਮਾਤਮਾ ਨੇ ਪਿੱਛੇ ਜੇ ਹੀ ਉਨ੍ਹਾਂ ਲਈ ਕੀਤੇ ਸਨ? ਆਪਾਂ ਜਾਣਦੇ ਹਾਂ ਕਿ ਉਹ ਕਿਵੇਂ ਭੁੱਲੇ ਹੋਣੇ ਐ, ਜਿਵੇਂ ਆਪਾਂ ਆਪਣੀ ਜ਼ਿੰਦਗੀ 'ਚ ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਨੂੰ ਭੁੱਲ ਜਾਂਦੇ ਹਾਂ ਉਵੇਂ ਹੀ ਉਹ ਭੁੱਲ ਗਏ ਹੋਣੇ ਐ! ਸਬਰ ਇੱਕ ਬਹੁਤ ਹੀ ਜਰੂਰੀ ਰੂਹੀ ਫਲ ਹੈ। ਇਸ ਨਾਲ, ਆਪਾਂ ਪ੍ਰਮਾਤਮਾ ਦੇ ਬਹੁਤ ਹੀ ਤਕੜੇ ਆਦਮੀ ਤੇ ਔਰਤ ਬਣ ਜਾਂਦੇ ਹਾਂ। ਪਰ, ਬਿਨਾਂ ਸਬਰ ਤੋਂ, ਆਪਾਂ ਉਨ੍ਹਾਂ ਛੋਟੇ ਜਵਾਕਾਂ ਵਾਂਗ ਹੋਵਾਂਗੇ ਜਿਹੜੇ ਹਰ ਦੂਜੇ ਮਹੀਨੇ ਬਦਲਦੇ ਰਹਿੰਦੇ ਨੇ। ਸਬਰ ਰੱਖਣ ਨਾਲ ਤੁਸੀਂ ਜਵਾਕ ਨਹੀਂ ਰਹਿ ਜਾਓਗੇ।


## ਯਾਦਦਾਸ਼ਤ ਤੁਕ ਖੇਡ

**ਜਿਗਸਾ ਪਜ਼ਲ**

ਹਰ ਬੱਚੇ ਨੂੰ ਕਹੋ ਕਿ ਉਹ ਰੰਗ-ਬਿਰੰਗੇ ਕਾਗਜ਼ ਦੇ ਟੁਕੜੇ 'ਤੇ ਕੋਈ ਤੁਕ ਲਿਖੇ, ਇਸਦੀ ਪਹੇਲੀ ਬਣਾਉਣ ਲਈ ਇਸਨੂੰ ਟੁਕੜਿਆਂ 'ਚ ਕੱਟੋ। (ਜੇ ਸਮਾਂ ਘੱਟ ਹੈ ਤਾਂ ਪਹਿਲਾਂ ਤੋਂ ਹੀ ਪਜ਼ਲ ਤਿਆਰ ਕਰਕੇ ਰੱਖ ਲਵੋ।) ਦੌੜ ਲਵਾਕੇ ਦੇਖੋ ਕਿ ਕੌਣ ਕਿੰਨਾ ਛੇਤੀ ਆਪਣੀ ਪਜ਼ਲ ਲਗਾਉਂਦਾ ਹੈ। ਜੀਤੂ ਉਹ ਖਿਡਾਰੀ ਜਾਂ ਟੀਮ ਮੰਨੀ ਜਾਏਗੀ ਜਿਹੜੀ ਸਭ ਤੋਂ ਪਹਿਲਾਂ ਆਪਣੀ ਪਜ਼ਲ ਬਣਾ ਲੈਂਦੀ ਹੈ ਤੇ ਖੜ੍ਹੇ ਹੋਕੇ ਤੁਕ ਨੂੰ ਉੱਚੀ-ਉੱਚੀ ਬੋਲਦੀ ਹੈ।



## ਪਜ਼ਲ ਦੇ ਉੱਤਰ





| | | | | | | | | | | | |
|---|---|---|---|---|---|---|---|---|---|---|---|
| ਚ | ਮ | ਤ | ਕਾ | ਰ | ਈ | ਪ | ਲੇ | ਗ | ਇ | ਬ | ਸ |
| ਬ | ਸ | ਆ | ਇ | ਗੁ | ਸ | ਅ | ਲਾ | ਉ | ਬ | ਇ | ਰ |
| ਉ | ਲਾ | ਬ | ਗਿ | ਵੀ | ਚਾ | ਮੋ | ਸ | ਵੀ | ਚਾ | ਚਾ | ਕ |
| ਚਾ | ਵੀ | ਰ | ਰ | ਵੱ | ਵੀ | ਕ | ਮਾਂ | ਗੁ | ਇ | ਲਾ | ਦ |
| ੜੀ | ਚਾ | ੜੀ | ਗੁ | ਚਾ | ਅ | ਚਾ | ਆ | ਤ | ਆ | ਵਾ | ਵਾ |
| ਹਾ | ਗੁ | ਜ਼ | ਤ | ਉ | ਡੀ | ਕ | ਇ | ਵਾ | ਰ | ਚਾ | ਵੀ |
| ਪ | ਮੋ | ਮਾ | ਸੇ | ਵਾ | ਲਾ | ਚਾ | ਪ੍ | ਸ਼ੀ | ਸ | ਤ | ਉ |
| ਅ | ਮੀ | ਤ | ਲੀ | ਮੋ | ਚਾ | ਜ਼ | ਆ | ਗੁ | ਸ | ਦੀ | ਵੀ |
| ਆ | ਲਾ | ਮਾ | ਲਾ | ਵੀ | ਮੀ | ਲੀ | ਈ | ਰਾ | ਜ਼ | ਇ | ਲਾ |
| ਲਾ | ਗੁ | ਪ੍ | ਚਾ | ਤ | ਵੀ | ਬ | ਚਾ | ਅ | ਸ | ਮੋ | ਚਾ |

ਸਬਰ ਇਜ਼ਰਾਇਲੀ ਬਚਾਇਆ ਪਲੇਗ ਗੁਲਾਮੀ ਸੁਰੱਖਿਆ ਮੋਸੇਜ਼ ਪਹਾੜੀ ਅਵੱਗਿਆ ਉਡੀਕ ਸਮਾਂ ਸਦੀਵੀ ਪ੍ਰਮਾਤਮਾ ਆਸ਼ੀਰਵਾਦ ਚਮਤਕਾਰ

## ਪ੍ਰਸ਼ਨ ਅਤੇ ਉੱਤਰ 1

**1. ਪ੍ਰਮਾਤਮਾ ਆਪਣੇ ਨਾਲ ਕਿਵੇਂ ਗੱਲ ਕਰਦੇ ਹਨ? ਪਿਛਲੀ ਗੱਲ ਉਹਨਾਂ ਨੇ ਤੁਹਾਨੂੰ ਕਿਹੜੀ ਕਹੀ ਹੈ?**

ਪ੍ਰਮਾਤਮਾ ਆਪਾਂ ਨਾਲ ਗੱਲ ਕਰਨ ਲਈ ਬਾਈਬਲ ਦੀ ਵਰਤੋਂ ਕਰਦੇ ਹਨ। ਪੇਜ 'ਤੇ ਤੁਕਾਂ ਆਪਣੇ ਆਪ ਸਾਹਮਣੇ ਆਉਣਗੀਆਂ ਤੇ ਸਹੀ ਸਮੇਂ 'ਤੇ ਲਾਗੂ ਹੋਣਗੀਆਂ। ਪ੍ਰਮਾਤਮਾ ਲੋਕਾਂ ਦੇ ਰਾਹੀਂ ਵੀ ਤੁਹਾਡੇ ਤੱਕ ਆਪਣੀ ਗੱਲ ਪਹੁੰਚਾ ਸਕਦੇ ਹਨ ਜਿਵੇਂ ਕਿ ਕੋਚ, ਪਾਦਰੀ ਅਤੇ ਅਧਿਆਪਕ ਰਾਹੀਂ। ਪ੍ਰਮਾਤਮਾ ਤੁਹਾਡੇ ਨਾਲ ਸਿੱਧੀ ਵੀ ਗੱਲ ਕਰ ਸਕਦੇ ਹਨ ਜਿਵੇਂ ਕਿ ਕੋਈ ਕੰਮ ਕਰਨ ਲਈ ਜਾਂ ਕਿਸੇ ਦੀ ਮਦਦ ਕਰਨ ਲਈ ਤੁਹਾਡੇ ਅੰਦਰੋਂ ਬਹੁਤ ਪੱਕੀ ਆਵਾਜ਼ ਆਏਗੀ, ਜਾਂ ਫਿਰ ਕਿਸੇ ਸਥਿਤੀ ਤੋਂ ਬਚਣ ਲਈ ਜਾਂ ਕਿਸੇ ਵਿਅਕਤੀ ਜਾਂ ਕਿਸੇ ਗਲੀ ਤੋਂ ਪਰ੍ਹਾਂ ਹੋਣ ਦੀ ਆਵਾਜ਼ ਆਏਗੀ।

2. ਅਜਿਹਾ ਕੀ ਕਰੀਏ ਜੀਹਦੇ ਨਾਲ ਆਪਾਂ ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਨੂੰ ਨਾ ਭੁੱਲੀਏ ਜਿਵੇਂ ਅੱਜ ਦੀ ਕਹਾਣੀ 'ਚ ਇਜ਼ਰਾਈਲੀ ਛੇਤੀ ਹੀ ਭੁੱਲ ਗਏ, ਦੱਸੋ?




ਆਪਾਂ ਡਾਇਰੀ ਤੇ ਜਰਨਲ ਦੀ ਵਰਤੋਂ ਕਰਕੇ ਪ੍ਰਮਾਤਮਾ ਦੀਆਂ ਦਿੱਤੀਆਂ ਦਾਤਾਂ ਦਾ ਰਿਕੌਰਡ ਰੱਖ ਸਕਦੇ ਹਾਂ। ਆਪਾਂ ਉਹ ਖਾਸ ਪਲਾਂ ਨੂੰ ਮਨਾ ਸਕਦੇ ਹਾਂ ਜਦੋਂ ਪ੍ਰਮਾਤਮਾ ਨੇ ਆਪਣੀ ਜ਼ਿੰਦਗੀ 'ਚ ਕੁਝ ਵੱਡਾ ਕੀਤਾ ਹੋਵੇ। ਜਿਵੇਂ ਕਿ ਆਪਣੇ ਤਿਉਹਾਰ ਹੁੰਦੇ ਨੇ ਜਾਂ ਫਿਰ ਖਾਸ ਪਾਰਟੀਆਂ ਦੇ ਦਿਨ ਹੁੰਦੇ ਨੇ, ਉਸੇ ਤਰੀਕੇ ਆਪਾਂ ਕੈਲੰਡਰ 'ਤੇ ਉਨ੍ਹਾਂ ਖਾਸ ਤਰੀਕਾਂ 'ਤੇ ਨਿਸ਼ਾਨੀ ਲਾ ਸਕਦੇ ਹਾਂ ਜਿਨ੍ਹਾਂ ਤਰੀਕਾਂ 'ਤੇ ਪ੍ਰਮਾਤਮਾ ਨੇ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਕੀਤਾ ਹੋਵੇ। ਜੋ ਵੀ ਪ੍ਰਮਾਤਮਾ ਆਪਣੇ ਲਈ ਕਰਦੇ ਹਨ, ਆਪਾਂ ਉਨ੍ਹਾਂ ਗੱਲਾਂ ਨੂੰ ਲੋਕਾਂ ਨਾਲ ਸਾਂਝਾ ਕਰ ਸਕਦੇ ਹਾਂ।

**3. ਸਦੀਵੀ ਦਾ ਕੀ ਮਤਲਬ ਹੈ? ਇਹ ਕਿਵੇਂ ਹੋ ਸਕਦਾ ਹੈ ਕਿ ਆਪਾਂ ਹਮੇਸ਼ਾ ਜਿਉਂਦੇ ਰਹੀਏ?**

ਸਦੀਵੀ ਦਾ ਕੋਈ ਸਮਾਂ ਨਹੀਂ ਹੁੰਦਾ, ਜਿਹੜੀ ਜ਼ਿੰਦਗੀ ਮੌਤ ਤੋਂ ਬਾਅਦ ਵੀ ਚਲਦੀ ਰਹੇ, ਉਸਨੂੰ ਸਦੀਵੀ ਕਹਿੰਦੇ ਨੇ। ਬਾਈਬਲ ਕਹਿੰਦੀ ਹੈ ਕਿ ਆਪਾਂ ਸਦੀਵੀ ਹਾਂ ਤੇ ਆਪਾਂ ਹਮੇਸ਼ਾ ਜਿਉਂਦੇ ਰਹਿਣਾ, ਭਾਵੇਂ ਸਵਰਗ 'ਚ ਰਹੀਏ ਤੇ ਜਾਂ ਫਿਰ ਨਰਕ 'ਚ। ਈਸਾਈ ਪਰਗੇਟਰੀ (ਮਰਨ ਤੋਂ ਬਾਅਦ ਸ਼ੁੱਧੀ ਕਰਨ ਲਈ ਜਿੱਥੇ ਭੇਜਿਆ ਜਾਂਦਾ ਹੈ) 'ਚ ਵਿਸ਼ਵਾਸ ਨਹੀਂ ਰੱਖਦੇ, ਪਰ ਆਪਾਂ ਪ੍ਰਮਾਤਮਾ ਦੇ ਨਾਲ ਜਾਂ ਤਾਂ ਸਿੱਧਾ ਸਵਰਗ ਜਾਵਾਂਗੇ ਤੇ ਜਾਂ ਹਮੇਸ਼ਾ ਦੀ ਸਜ਼ਾ ਕੱਟਣ ਲਈ ਨਰਕ ਜਾਵਾਂਗੇ। ਇਹਦਾ ਇਹ ਵੀ ਮਤਲਬ ਹੈ ਕਿ ਆਪਾਂਕੋਈ ਹੋਰ ਵਿਅਕਤੀ ਬਣਕੇ ਧਰਤੀ 'ਤੇ ਕਦੇ ਨਹੀਂ ਆਵਾਂਗੇ ਜਿਵੇਂ ਕਿ ਕਈ ਮੰਨਦੇ ਹਨ, ਪਰ ਜਦੋਂ ਆਪਾਂ ਮਰ ਜਾਂਦੇ ਹਾਂ, ਤਾਂ ਆਪਾਂ ਧਰਤੀ ਨੂੰ ਹਮੇਸ਼ਾ ਲਈ ਛੱਡ ਦਿੰਦੇ ਹਾਂ ਤੇ ਸਵਰਗ ਜਾਂ ਨਰਕ 'ਚ ਚਲੇ ਜਾਂਦੇ ਹਾਂ।

## ਅਖਾੜੇ ਦੇ ਵਿੱਚ 1

ਜੇ ਪ੍ਰਮਾਤਮਾ ਨੇ ਅਤੀਤ ਵਿੱਚ ਤੁਹਾਡੇ ਲਈ ਕੁਝ ਕੀਤਾ ਹੈ, ਤਾਂ ਇਸਨੂੰ ਮਿੱਟੀ ਵਿੱਚ ਲਿਖੋ, ਤੇ ਕੋਈ ਪੱਥਰ ਲੈਕੇ ਉਥੇ ਰੱਖੋ, ਇਸ ਨਾਲ ਨਿਸ਼ਾਨੀ ਲੱਗ ਜਾਵੇਗੀ। ਹਫਤੇ ਦੇ ਦੌਰਾਨ ਇੱਕ ਵਾਰ ਤਾਂ ਤੁਸੀਂ ਅਜਿਹਾ ਚਰਚ 'ਚ ਕਰਨਾ ਹੈ ਤੇ ਦੂਜਾ ਘਰੇਕਰਨਾ ਹੈ, ਹਰ ਵਿਦਿਆਰਥੀ ਦੀ ਆਪਣੀ ਜਗ੍ਹਾ ਹੋਵੇਗੀ। ਜਦੋਂ ਤੁਸੀਂ ਆਪਣੀ ਜਗ੍ਹਾ 'ਤੇ ਪੱਥਰ ਧਰਤਾ, ਤਾਂ ਇਹ ਗੱਲ ਕਿਸੇ ਹੋਰ ਨਾਲ ਸਾਂਝੀ ਕਰਦੇ ਹੋਏ ਦੱਸੋ ਕਿ ਪ੍ਰਮਾਤਮਾ ਨੇ ਤੁਹਾਡੇ ਲਈ ਕੀ ਕੀਤਾ।



# 2.ਸਬਰ ਜਾਂ ਦੁੱਖ

**ਬਾਈਬਲ ਦੀ ਕਹਾਣੀ: ਜੌਬ ਸਬਰ ਰੱਖਕੇ ਦੁੱਖ ਸਹਿੰਦਾ ਹੈ**

**ਜੌਬ 1-2**

## ਨਾਟਕ 2

ਫੂਲਿਸ਼ ਫ੍ਰੈਡ ਤੇ ਵਾਈਜ਼ ਵਿਲੀ ਇੱਕ ਵੱਡੀ ਦੌੜ ਲਾਉਣ ਲਈ ਤਿਆਰੀ ਵੱਟਦੇ ਨੇ। ਵਿਲੀ ਬਹੁਤ ਦੂਰ ਭੱਜਦਾ ਹੈ ਭਾਵੇਂ ਉਹਨੂੰ ਦੁਖਦਾ ਹੈ, ਪਰ ਫ੍ਰੈਡ ਉਦੋਂ ਹੀ ਰੁਕ ਜਾਂਦਾ ਜਦੋਂ ਉਹ ਤੰਗ ਹੋਣ ਲੱਗ ਜਾਂਦਾ। ਇਸ ਵੱਡੀ ਦੌੜ 'ਚ, ਟਾਇਲਟ ਪੇਪਰ ਨਾਲ ਬਣਾਈ ਫਿਨਿਸ਼ਿੰਗ ਲਾਈਨ ਨੂੰ ਪਾਰ ਕਰਦਾ ਹੋਇਆ ਵਿਲੀ ਆਸਾਨੀ ਨਾਲ ਜਿੱਤ ਜਾਂਦਾ ਹੈ।

## ਯਾਦਦਾਸ਼ਤ ਤੁਕ 2

"ਏਹੀ ਮੇਰੇ ਦੁਖ ਵਿੱਚ ਮੇਰੀ ਤਸੱਲੀ ਹੈ, ਭਈ ਤੇਰੇ ਬਚਨ ਨੇ ਮੈਨੂੰ ਜਿਵਾਲਿਆ ਹੈ।." ਜ਼ਬੂਰਾਂ ਦੀ ਪੋਥੀ 119:50

## ਮੁੱਖ ਪਾਠ 2




ਇਸ ਹਫਤੇ ਆਪਣਾ ਪੂਰਾ ਧਿਆਨ ਸਬਰ 'ਤੇ ਹੈ ਕਿਉਂਕਿ ਇਹ ਦੁੱਖ ਦੇ ਉਲਟ ਹੈ। ਦੁਨੀਆਂ ਭਰ ਦੇ ਲੋਕ ਧਾਰਮਿਕ ਵਿਤਕਰੇ ਤੋਂ ਤਾਂ ਪਰੇਸ਼ਾਨ ਹੁੰਦੇ ਹੀ ਨੇ, ਨਾਲ ਹੀ ਉਹ ਕੁਦਰਤੀ ਆਫ਼ਤਾਂ, ਅਤਿਆਚਾਰ, ਬੀਮਾਰੀਆਂ ਤੇ ਮੌਤ ਤੋਂ ਵੀ ਤੰਗ ਹੁੰਦੇ ਹਨ। ਇਸ ਧਰਤੀ 'ਤੇ ਦੁੱਖਾਂ ਤੋਂ ਲੁਕਣ ਦਾ ਕੋਈ ਤਰੀਕਾ ਨਹੀਂ ਹੈ। ਆਪਣੀ ਦੌਲਤ, ਤਾਕਤ ਜਾਂ ਪ੍ਰਸਿੱਧੀ ਦੇ ਬਾਵਜੂਦ, ਅਸੀਂ ਆਪਣੇ ਆਪ ਨੂੰ ਦੁੱਖਾਂ ਤੋਂ ਬਚਾ ਨਹੀਂ ਸਕਦੇ। ਈਸਾਈਆਂ ਲਈ, ਚੁਣੌਤੀ ਇਹ ਹੈ ਕਿ ਆਪਾਂ ਇਹਨਾਂ ਔਕੜਾਂ ਨੂੰ ਕਿਵੇਂ ਲੈਂਦੇ ਹਾਂ। ਕੀ ਆਪਾਂ ਆਪਣੇ ਦੁੱਖ ਨੂੰ ਇਨਾ ਹਾਵੀ ਹੋਣ ਦੇਵਾਂਗੇ ਕਿ ਉਹ ਆਪਾਂ ਨੂੰ ਡੂੰਘਾ ਦਰਦ ਦੇਵੇ ਤੇ ਹੇਠਾਂ ਸੁੱਟ ਲਵੇ? ਜਾਂ ਫਿਰ ਆਪਾਂ ਆਪਣੇ ਦਰਦ ਰਾਹੀਂ ਸਬਰ ਪੈਦਾ ਕਰਾਂਗੇ ਤੇ ਦੁਨੀਆ ਲਈ ਜਿਉਂਦੀ ਜਾਗਦੀ ਮਿਸਾਲ ਬਣ ਜਾਵਾਂਗੇ? ਜੇਮਜ਼ ਦੀ ਕਿਤਾਬ (ਜੇਮਜ਼ 5:10-11) ਵਿੱਚ, ਪ੍ਰਮਾਤਮਾ ਦੁੱਖ ਦੇ ਸਮੇਂ ਵਿੱਚ ਸਬਰ ਰੱਖਣ ਦਾ ਜ਼ਿਕਰ ਕਰਦੇ ਹਨ, ਜਿਵੇਂ ਕਿ ਜੌਬ ਦੀ ਜ਼ਿੰਦਗੀ ਨੂੰ ਇੱਕ ਚੰਗੀ ਉਦਾਹਰਨ ਵਜੋਂ ਦਿਖਾਇਆ ਗਿਆ ਹੈ। ਬਚਨ ਦੇ ਅਨੁਸਾਰ, ਜੋ ਦੁੱਖ ਦੇ ਸਮੇਂ ਸਬਰ ਰੱਖਦੇ ਹਨ, ਉਹ ਧੰਨ-ਧੰਨ ਹੋ ਜਾਂਦੇ ਹਨ। ਬਾਈਬਲ ਵਿੱਚ ਜੌਬ ਦਾ ਬਿਰਤਾਂਤ ਬੜਾ ਹੀ ਰੋਚਕ ਹੈ ਕਿਉਂਕਿ ਸਾਨੂੰ ਇੱਕ ਅਲੌਕਿਕ ਦੁਨੀਆ ਦੇਖਣ ਨੂੰ ਮਿਲਦੀ ਹੈ, ਜਿੱਥੇ ਸਵਰਗ 'ਚ ਦੂਤ ਤੇ ਪ੍ਰਮਾਤਮਾ ਹਨ ਅਤੇ ਇੱਕ ਸ਼ੈਤਾਨ ਹੈ ਜੋ ਧਰਤੀ ਉੱਪਰ ਘੁੰਮਦਾ ਹੈ। ਪ੍ਰਮਾਤਮਾ ਨੇ ਸ਼ੈਤਾਨ ਨੂੰ ਜੌਬ ਬਾਰੇ ਦੱਸਿਆ ਕਿ ਉਹ ਕਿੰਨਾ ਵਧੀਆ ਇਨਸਾਨ ਹੈ। ਸ਼ੈਤਾਨ ਕਹਿੰਦਾ ਜੌਬ ਇਸ ਕਰਕੇ ਚੰਗਾ ਵਿਹਾਰ ਕਰਦਾ ਹੈ ਕਿਉਂਕਿ ਪ੍ਰਮਾਤਮਾ ਨੇ ਉਹਨੂੰ ਬਖਸ਼ੀਸ਼ ਦਿੱਤੀ ਹੈ, ਤੇ ਉਹ ਪ੍ਰਮਾਤਮਾ ਨੂੰ ਚੁਣੌਤੀ ਦਿੰਦਾ ਹੈ ਕਿ ਜੇ ਉਹ ਜੌਬ ਦੇ ਸਿਰ ਉੱਤੋਂ ਆਪਣੇ ਸਾਰੇ ਆਸ਼ੀਰਵਾਦ ਵਾਪਿਸ ਲੈਣ, ਤਾਂ ਜੌਬ ਪ੍ਰਮਾਤਮਾ ਨੂੰ ਕੋਸੇਗਾ। ਇਸ ਕਰਕੇ, ਪ੍ਰਮਾਤਮਾ ਸ਼ੈਤਾਨ ਨੂੰ ਖੁੱਲ੍ਹੀ ਛੁੱਟ ਦੇ ਦਿੰਦੇ ਹਨ ਕਿ ਉਹ ਹੁਣ ਜੌਬ 'ਤੇ ਹਮਲਾ ਕਰ ਸਕਦਾ ਹੈ, ਤੇ ਸਿਰਫ ਇੱਕ ਦਿਨ ਵਿੱਚ ਹੀ ਉਹ ਸ਼ੈਤਾਨ ਉਹਦੇ ਸਾਰੇ ਪਸ਼ੂ, ਨੌਕਰ ਤੇ ਪਰਿਵਾਰ ਨੂੰ ਖਤਮ ਕਰ ਦਿੰਦਾ ਹੈ! ਪਰ ਜੌਬ ਨੇ ਫਿਰ ਵੀ ਪ੍ਰਮਾਤਮਾ ਨੂੰ ਕੋਸਿਆ ਨਹੀਂ, ਤਾਂ ਇਸ ਕਰਕੇ ਸ਼ੈਤਾਨ ਨੂੰ ਉਹਦੀ ਸਿਹਤ 'ਤੇ ਵੀ ਹਮਲਾ ਕਰਨ ਦੀ ਆਗਿਆ ਮਿਲ ਗਈ। ਹੁਣ ਤਾਂ ਸ਼ੈਤਾਨ ਪੱਕਾ ਸੋਚੀ ਬੈਠਾ ਸੀ ਕਿ ਜੇਕਰ ਉਹ ਜੌਬ ਨੂੰ ਨਿਜੀ ਤੌਰ 'ਤੇ ਦੁੱਖ ਦੇਵੇਗਾ, ਤਾਂ ਉਹ ਪੱਕਾ ਹੀ ਪ੍ਰਮਾਤਮਾ ਨੂੰ ਆਪਣੇ ਦੁੱਖਾਂ ਲਈ ਕੋਸੇਗਾ। ਜੌਬ ਉਸੇ ਸਥਿਤੀ 'ਚ ਪਹੁੰਚ ਗਿਆ, ਉਸਨੂੰ ਬਹੁਤ ਹੀ ਦਰਦਨਾਕ ਜ਼ਖਮ ਹੋ ਗਏ, ਸਾਰਾ ਉਹ ਧਨ ਗਵਾ ਬੈਠਾ ਤੇ ਆਪਣਾ ਪਰਿਵਾਰ ਵੀ ਗਵਾ ਬੈਠਾ, ਪਰ ਉਹਨੇ ਪ੍ਰਮਾਤਮਾ ਨੂੰ ਕਦੇ ਨੀ ਕੋਸਿਆ ਤੇ ਨਾ ਹੀ ਆਪਣੇ ਦੁੱਖਾਂ ਲਈ ਪ੍ਰਮਾਤਮਾ ਨੂੰ ਦੋਸ਼ੀ ਠਹਿਰਾਇਆ। ਉਹਦੀ ਘਰਵਾਲੀ

ਨੇ ਉਸ ਉੱਪਰ ਦਬਾਅ ਪਾਇਆ ਤੇ ਉਹਦੇ ਦੋਸਤਾਂ ਨੇ ਉਲਟਾ ਉਸ ਦਾ ਹੀ ਦੋਸ਼ ਠਹਿਰਾਇਆ। ਉਹਨਾਂ ਨੇ ਜੌਬ ਨੂੰ ਕਿਹਾ ਕਿ ਪੱਕਾ ਉਸਨੇ ਕੋਈ ਮਾੜੇ ਕਰਮ ਕੀਤੇ ਹੋਣੇ ਨੇ ਜੋ ਉਸਨੂੰ ਇਨਾ ਦੁੱਖ ਦੇਖਣ ਨੂੰ ਮਿਲਿਆ ਤੇ ਮੌਤ ਉਹਦੇ ਨੇੜੇ ਖੜ੍ਹੀ ਹੈ। ਪਰ, ਜੌਬ ਨੂੰ ਅਜੇ ਵੀ ਪ੍ਰਮਾਤਮਾ 'ਤੇ ਪੂਰਾ ਭਰੋਸਾ ਸੀ, ਉਸਨੇ ਇਸ ਦੁੱਖ ਨੂੰ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੱਤਾ ਤੇ ਉਸਨੇ ਪੂਰਾ ਸਬਰ ਬਣਾਏ ਰੱਖਿਆ। ਬਾਈਬਲ ਦੇ ਇਸ ਬਿਰਤਾਂਤ ਤੋਂ ਸਾਨੂੰ ਇਹ ਸਮਝ ਆਉਂਦੀ ਹੈ ਕਿ ਚਾਹੇ ਚੰਗਾ ਸਮਾਂ ਹੋਵੇ ਜਾਂ ਮਾੜਾ, ਸਾਨੂੰ ਪ੍ਰਮਾਤਮਾ ਨੂੰ ਧਿਆਉਂਦੇ ਰਹਿਣਾ ਚਾਹੀਦਾ ਹੈ। ਜਦੋਂ ਸਭ ਕੁਝ ਆਪਣੇ ਅਨੁਸਾਰ ਚੱਲ ਰਿਹਾ ਹੋਵੇ, ਤਾਂ ਸਿਰਫ ਉਦੋਂ ਹੀ ਸਾਨੂੰ ਬੇਫਿਕਰੇ ਈਸਾਈਆਂ ਵਾਂਗੂ ਪੇਸ਼ ਨਹੀਂ ਆਉਣਾ ਚਾਹੀਦਾ। ਜੌਬ ਨੇ ਆਪਣੀ ਘਰਵਾਲੀ ਨੂੰ ਕਿਹਾ, 'ਕੀ ਆਪਾਂ ਨੂੰ ਪ੍ਰਮਾਤਮਾ ਦੁਆਰਾ ਮਿਲੀਆਂ ਸਿਰਫ ਚੰਗੀਆਂ ਚੀਜ਼ਾਂ ਲੈਣੀਆਂ ਚਾਹੀਦੀਆਂ ਨੇ, ਤੇ ਮਾੜੀਆਂ ਨਹੀਂ?"

ਦਰਦ ਤੇ ਮੌਤ ਤਾਂ ਕੁਦਰਤੀ ਚੀਜ਼ਾਂ ਨੇ। ਆਪਾਂ ਨੂੰ ਜੋ ਦੁੱਖ ਮਿਲਦਾ ਹੈ ਉਹ ਵੀ ਕੁਦਰਤੀ ਤੇ ਮਨੁੱਖੀ ਹੈ। ਪਰ, ਮੁਸ਼ਕਿਲ ਦੇ ਸਮੇਂ 'ਚ ਆਉਣ ਵਾਲਾ ਸਬਰ ਅਲੌਕਿਕ ਹੁੰਦਾ ਹੈ। ਇਸਦੇ ਲਈ ਪ੍ਰਮਾਤਮਾ ਦਾ ਆਪਣੇ ਉੱਪਰ ਆਸ਼ੀਰਵਾਦ ਹੋਵੇ, ਜਿਸਦੇ ਲਈ ਸਾਨੂੰ ਪ੍ਰਮਾਤਮਾ ਉੱਤੇ ਪੂਰਾ ਭਰੋਸਾ ਰੱਖਣ ਦੀ ਲੋੜ ਹੁੰਦੀ ਹੈ। ਹਰ ਕੋਈ ਔਖੀ ਘੜੀ 'ਚੋਂ ਲੰਘਦਾ ਹੈ। ਪਰ, ਜੇ ਤੁਸੀਂ ਦੁੱਖਾਂ ਤੇ ਸ਼ਿਕਾਇਤਾਂ ਦੀ ਬਜਾਏ ਆਪਣੇ ਅੰਦਰ ਸਬਰ ਲਿਆਵੋਂ, ਤਾਂ ਤੁਸੀਂ ਇੱਕ ਸਮਝਦਾਰ ਈਸਾਈ ਬਣ ਜਾਓਗੇ।


## ਯਾਦਦਾਸ਼ਤ ਤੁਕ ਖੇਡ 2


**ਹਵਾਲਾ ਦਿਓ ਜੇ ਤੁਸੀਂ...**


ਇਸ ਤੁਕ ਦਾ ਹਵਾਲਾ ਦਿਓ ਜੇ ਤੁਸੀਂ... ਅੱਜ ਸਵੇਰੇ ਨਾਸ਼ਤਾ ਕੀਤਾ, ਪਿਛਲੀ ਰਾਤ ਨਹਾਏ, ਤੁਹਾਡੀਆਂ ਅੱਖਾਂ ਭੂਰੀਆਂ ਨੇ, ਤੁਹਾਨੂੰ ਬਰੌਕਲੀ ਪਸੰਦ ਹੈ, ਅੱਜ ਤੁਸੀਂ ਆਪਣਾ ਬੈੱਡ ਸਵਾਰਿਆ, ਤੁਹਾਡੇ ਕੋਈ ਭੈਣ ਹੈ, ਤੁਸੀਂ ਲਾਲ ਰੰਗ ਪਹਿਨਿਆ ਹੋਇਆ, ਆਦਿ। ਤੁਕ ਨੂੰ ਵਾਰ-ਵਾਰ ਦੁਹਰਾਉਣ ਦਾ ਇਹ ਸੌਖਾ ਤਰੀਕਾ ਹੈ ਜਿਸ ਨਾਲ ਬੱਚੇ ਇਸਨੂੰ ਯਾਦ ਕਰ ਲੈਣਗੇ।



## ਪਜ਼ਲ ਦੇ ਉੱਤਰ 2







ਸਬਰ ਦੁੱਖ ਦਰਦ ਕਸ਼ਟ ਡਟੇ ਰਹਿਣਾ ਸੁਭਾਗਸ਼ਾਲੀ ਜੌਬ ਹਮਲਾ ਕੀਤਾ ਇਲਜ਼ਾਮ ਪਾਪ ਦਬਾਅ ਦੋਸਤ ਸਿਆਣਾ ਈਸਾਈ ਮਨਜ਼ੂਰ

## ਪ੍ਰਸ਼ਨ ਅਤੇ ਉੱਤਰ 2

**1. ਪ੍ਰਮਾਤਮਾ ਆਪਾਂ ਨੂੰ ਕਸ਼ਟ ਕਿਉਂ ਸਹਿਣ ਦਿੰਦੇ ਹਨ?**

ਬੰਦੇ ਦੀ ਉਤਪੱਤੀ ਹੋਣ ਨਾਲ ਹੀ ਕਸ਼ਟ ਆ ਗਏ। ਪ੍ਰਮਾਤਮਾ ਇਹ ਨਹੀਂ ਸੀ ਚਾਹੁੰਦੇ ਕਿ ਲੋਕ ਸਦੀਵੀ ਤੌਰ 'ਤੇ ਰੋਬੋਟ ਤੇ ਬੇਸਮਝ ਹੋਣ। ਪ੍ਰਮਾਤਮਾ ਇਹ ਚਾਹੁੰਦੇ ਸੀ ਕਿ ਅਸੀਂ ਉਨ੍ਹਾਂ ਨੂੰ ਪਿਆਰ ਕਰੀਏ ਤੇ ਉਨ੍ਹਾਂ ਦੀ ਸੇਵਾ ਕਰੀਏ, ਕਿਉਂਕਿ ਇਹ ਸਾਡਾ ਫੈਸਲਾ ਵੀ ਸੀ। ਪਰ ਫਿਰ ਵੀ, ਕੁਝ ਲੋਕ ਪ੍ਰਮਾਤਮਾ ਨੂੰ ਧਿਆਉਣਾ ਨਹੀਂ ਚਾਹੁਣਗੇ। ਕੁਝ ਲੋਕ ਝੂਠ ਬੋਲਣਗੇ, ਧੋਖਾ ਦੇਣਗੇ, ਚੋਰੀ ਕਰਨਗੇ, ਮਾਰਨਗੇ ਤੇ ਨਾਸ਼ ਕਰਨਗੇ। ਅਸੀਂ ਦੁੱਖ ਤਾਂ ਭੋਗਦੇ ਹਾਂ ਕਿਉਂਕਿ ਫੈਸਲਾ ਵੀ ਤਾਂ ਅਸੀਂ ਹੀ ਲੈਂਦੇ ਹਾਂ।




**2. ਸਾਡੇ ਅਜ਼ੀਜ਼ ਨੂੰ ਕਿਉਂ ਮਰਨਾ ਪਿਆ?**

ਮੌਤ ਤਾਂ ਇੱਕ ਅਜਿਹੀ ਚੀਜ਼ ਹੈ ਜੋ ਹਰੇਕ ਨੂੰ ਮਿਲਦੀ ਹੈ, ਕਿਉਂਕਿ ਕੋਈ ਵੀ ਹਮੇਸ਼ਾ ਲਈ ਨਹੀਂ ਜਿਉਂਦਾ। ਪਰ, ਆਪਣੀਆਂ ਰੂਹਾਂ ਹਮੇਸ਼ਾ ਜ਼ਿੰਦਾ ਰਹਿੰਦੀਆਂ ਨੇ, ਜਾਂ ਤਾਂ ਸਵਰਗ 'ਚ ਤੇ ਜਾਂ ਨਰਕ 'ਚ। ਇਸੇ ਕਰਕੇ, ਹੁਣ ਈਸਾਈ ਮੌਤ ਤੋਂ ਨਹੀਂ ਡਰਦੇ। ਮੌਤ ਸਿਰਫ ਇਸ ਸ਼ਰੀਰ ਨੂੰ ਦੂਰ ਕਰ ਸਕਦੀ ਹੈ, ਪਰ ਮੇਰੀ ਰੂਹ ਫਿਰ ਪ੍ਰਮਾਤਮਾ ਨਾਲ ਸਵਰਗ 'ਚ ਰਹਿਣ ਲਈ ਆਜ਼ਾਦ ਹੋ ਜਾਏਗੀ। ਪ੍ਰਮਾਤਮਾ ਦੁਨੀਆ ਭਰ ਦੇ ਸਾਰੇ ਈਸਾਈਆਂ ਨੂੰ ਉਨ੍ਹਾਂ ਤਕਲੀਫ਼ਾਂ ਤੋਂ ਨਹੀਂ ਬਚਾਉਣ ਵਾਲੇ ਜਿਹੜੇ ਸਾਰੀ ਮਨੁੱਖਜਾਤੀ ਸਹਿੰਦੀ ਹੈ। ਸਗੋਂ, ਆਪਾਂ ਨੂੰ ਕਸ਼ਟ ਦੇ ਸਮੇਂ ਵੀ ਸਬਰ ਰੱਖਣਾ ਚਾਹੀਦਾ ਹੈ ਤਾਂ ਜੋ ਦੁਨੀਆ ਦੇ ਸਾਹਮਣੇ ਆਪਾਂ ਜਿਉਂਦੀ ਜਾਗਦੀ ਮਿਸਾਲ ਬਣ ਜਾਈਏ।

**3. ਕੋਈ ਕਸ਼ਟ ਅਸਲ 'ਚ ਆਸ਼ੀਰਵਾਦ ਕਿਵੇਂ ਹੋ ਸਕਦਾ ਹੈ?**

ਕਸ਼ਟ ਸਾਨੂੰ ਪ੍ਰਮਾਤਮਾ ਦੇ ਨੇੜੇ ਕਰ ਦਿੰਦਾ ਹੈ। ਇਹ ਸਾਨੂੰ ਅਜਿਹੇ ਮੌਕੇ ਦਿੰਦਾ ਹੈ ਜਿਸ ਨਾਲ ਆਪਾਂ ਤਰਸ ਕਰਨਾ ਸਿੱਖ ਜਾਂਦੇ ਹਾਂ। ਕਸ਼ਟ ਦੂਜਿਆਂ ਨੂੰ ਇਨਾਮ ਦੇ ਸਕਦਾ ਹੈ, ਜਿਵੇਂ ਕਿ ਈਸਾ ਮਸੀਹ ਨੇ ਕਿਹਾ ਕਿ ਆਪਾਂ ਜੇਕਰ ਦੂਜਿਆਂ ਨੂੰ ਮਿਲਣ ਜਾਂਦੇ ਹਾਂ ਜਾਂ ਫਿਰ ਕਿਸੇ ਨੂੰ ਠੰਡੇ ਪਾਣੀ ਦਾ ਇੱਕ ਪਿਆਲਾ ਦੇ ਦਿੰਦੇ ਹਾਂ ਤਾਂ ਆਪਾਂ ਨੂੰ ਇਨਾਮ ਮਿਲੇਗਾ। ਇੱਕ ਵਾਰ ਜਦੋਂ ਆਪਾਂ ਕਸ਼ਟ ਸਹਿ ਲਿਆ ਤਾਂ ਆਪਣੀ ਦੂਜਿਆਂ ਦੀ ਮਦਦ ਕਰਨ ਦੀ ਸ਼ਕਤੀ ਵਧ ਜਾਏਗੀ।

## ਅਖਾੜੇ ਦੇ ਵਿੱਚ 2

ਮੰਨਿਆ ਤੁਸੀਂ ਕਸ਼ਟ ਝੱਲਿਆ ਪਰ ਫਿਰ ਵੀ ਪ੍ਰਮਾਤਮਾ ਦੇ ਸ਼ੁਕਰਗੁਜ਼ਾਰ ਹੋਵੋ। ਜੌਬ ਨੇ ਜੋ ਕਿਹਾ ਉਹ ਕਹੋ, "ਪ੍ਰਮਾਤਮਾ ਨੇ ਦਿੱਤਾ ਤੇ ਪ੍ਰਮਾਤਮਾ ਨੇ ਹੀ ਲੈ ਲਿਆ।" ਰੱਬ ਦਾ ਨਾਂ ਸਰਾਹਿਆ ਜਾਵੇ।" ਆਪਣੀ ਕਲਾਸ ਦੇ ਸਾਹਿਪਾਠੀਆਂ ਨੂੰ ਵੀ ਇਸ ਬਾਰੇ ਦੱਸੋ।



# 3. ਸਬਰ ਜਾਂ ਹਉਮੈ

**ਬਾਈਬਲ ਦੀ ਕਹਾਣੀ: ਰਾਜਾ ਨੈਬਿਊਕਡਨੇਜ਼ਰ**

**ਡੈਨੀਅਲ 4**


## ਨਾਟਕ 3

ਇੱਕ ਖੁਰਪਾ ਲੈਕੇ, ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡ ਨੌਕਰੀ ਲਈ ਅਰਜ਼ੀ ਦਿੰਦੇ ਹਨ। ਫ੍ਰੈਡ ਉੱਚੀ-ਉੱਚੀ ਰੌਲਾ ਪਾਕੇ ਮੂਰਖਤਾ ਭਰੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ ਤੇ ਕਹਿੰਦਾ ਹੈ ਕਿ ਬਹੁਤ ਤੇਜ਼ੀ ਨਾਲ ਖੁਦਾਈ ਕਰ ਸਕਦਾ ਹੈ, ਜਦੋਂ ਕਿ ਵਿਲੀ ਨਿਮਰਤਾ ਸਹਿਤ ਕਹਿੰਦਾ ਹੈ ਕਿ ਉਹ ਕੰਮ ਕਰਨਾ ਚਾਹੁੰਦਾ ਹੈ ਤੇ ਉਹ ਵਾਅਦਾ ਕਰਦਾ ਹੈ ਕਿ ਉਹ ਪੂਰੀ ਸਖਤ ਮਿਹਨਤ ਕਰੇਗਾ ਤੇ ਜਿੰਨਾ ਉਹਤੋਂ ਹੋ ਸਕਿਆ ਉਨਾ ਕਰੇਗਾ। ਵਿਲੀ ਨੂੰ ਨੌਕਰੀ ਮਿਲ ਜਾਂਦੀ ਹੈ।

## ਯਾਦਦਾਸ਼ਤ ਤੁਕ 3

"ਕਿਸੇ ਗੱਲ ਦਾ ਛੇਕੜ ਉਹ ਦੇ ਅਰੰਭ ਨਾਲੋਂ ਭਲਾ ਹੈ, ਅਤੇ ਧੀਰਜਵਾਨ ਹੰਕਾਰੀ ਨਾਲੋਂ ਚੰਗਾ ਹੈ।." ਉਪਦੇਸ਼ਕ ਦੀ ਪੋਥੀ 7:8

## ਮੁੱਖ ਪਾਠ 3




ਅੱਜ ਆਪਾਂ ਹਉਮੈ ਬਾਰੇ ਗੱਲ ਕਰਾਂਗੇ ਤੇ ਦੇਖਾਂਗੇ ਕਿ ਇਹ ਕਿਵੇਂ ਆਪਾਂ ਨੂੰ ਹੇਠਾਂ ਸੁੱਟ ਸਕਦਾ ਹੈ। ਸਗੋਂ, ਹਉਮੈ ਆਪਾਂ ਨੂੰ ਪੂਰਾ ਖ਼ਤਮ ਕਰ ਸਕਦੀ ਹੈ ਜੇ ਆਪਾਂ ਇਹਨੂੰ ਇਹ ਕਰਨ ਦਿੰਦੇ ਹਾਂ। ਸੱਚਾਈ ਤਾਂ ਇਹ ਹੈ ਕਿ ਸਾਨੂੰ ਹਮੇਸ਼ਾ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੋ ਵੀ ਅਸੀਂ ਹਾਸਲ ਕੀਤਾ ਹੈ ਉਹ ਪ੍ਰਮਾਤਮਾ ਨੇ ਹੀ ਸਾਨੂੰ ਦਿੱਤਾ ਹੈ, ਤੇ ਸਾਰਾ ਕ੍ਰੈਡਿਟ ਪ੍ਰਮਾਤਮਾ ਨੂੰ ਹੀ ਮਿਲਣਾ ਚਾਹੀਦਾ ਹੈ। ਜਿੰਨਾ ਜਿਆਦਾ ਆਪਾਂ ਆਪਣੇ ਕੰਮਾਂ ਦੀਆਂ ਸ਼ੇਖੀਆਂ ਮਾਰਦੇ ਹਾਂ, ਉਨਾ ਜਿਆਦਾ ਹੀ ਅਸੀਂ ਮੁਸੀਬਤਾਂ 'ਚ ਫਸਦੇ ਜਾਂਦੇ ਹਾਂ। ਅੱਜ ਦੀ ਬਾਈਬਲ ਦੀ ਕਹਾਣੀ ਨੈਬਿਊਕਡਨੇਜ਼ਰ ਰਾਜਾ ਦੀ ਹੈ ਜੋ ਆਪਣੀ ਛੱਤ ਤੇ ਖੜ੍ਹਾ ਹੋਇਆ, ਤੇ ਆਪਣੇ ਸ਼ਾਨਦਾਰ ਰਾਜ ਵੱਲ ਦੇਖਣ ਲੱਗਿਆ। ਉਹਨੇ ਅੰਦਰੋਂ-ਅੰਦਰੀਂ ਸੋਚਿਆ, "ਮੈਂ ਆਪਣੀ ਤਾਕਤ ਨਾਲ ਕਿੰਨਾ ਸੋਹਣਾ ਸ਼ਹਿਰ ਖੜ੍ਹਾ ਕਰ ਲਿਆ ਹੈ" ਇੱਕ ਤਰ੍ਹਾਂ ਇਹੋ ਕਹਿ ਰਿਹਾ ਸੀ ਕਿ, "ਮੈਂ ਬੜਾ ਮਹਾਨ ਹਾਂ!" ਪ੍ਰਮਾਤਮਾ ਨੇ ਇਸ ਰਾਜੇ ਨੂੰ ਇੱਕ ਸਾਲ ਪਹਿਲਾਂ ਸੁਪਨੇ 'ਚ ਆਕੇ ਚੇਤਾਵਨੀ ਦਿੱਤੀ ਸੀ ਕਿ ਉਹ ਆਪਣੀ ਹਉਮੈ ਨੂੰ ਸੰਭਾਲ ਕੇ ਰੱਖੇ, ਨਹੀਂ ਤਾਂ ਪ੍ਰਮਾਤਮਾ ਖੁਦ ਉਸਦੀ ਹਉਮੈ ਨੂੰ ਤੋੜ ਦੇਣਗੇ। ਪਰ ਫਿਰ ਵੀ, ਉਹ ਆਪਣੀ ਛੱਤ ਉੱਤੇ ਖੜ੍ਹਾ ਸੀ, ਉਸਨੂੰ ਇਸ ਗੱਲ ਦਾ ਪੂਰਾ ਹੰਕਾਰ ਸੀ ਕਿ ਉਸਨੇ ਕਿੰਨਾ ਕੁਝ ਹਾਸਲ ਕਰ ਲਿਆ ਹੈ। ਇਸ ਕਰਕੇ ਪ੍ਰਮਾਤਮਾ ਨੇ ਉਸਦੀ ਹਉਮੈ ਤੋੜ ਦਿੱਤੀ। ਇਹ ਸ਼ਬਦ ਅਜੇ ਉਸ ਰਾਜੇ ਦੇ ਬੁੱਲ੍ਹਾਂ 'ਤੇ ਹੀ ਸਨ ਕਿ ਇਨੇ ਨੂੰ ਸਵਰਗ ਤੋਂ ਆਵਾਜ਼ ਆਈ ਕਿ ਉਸਦੀ ਸੱਤਾ ਉਸ ਤੋਂ ਖੋਹ ਲਈ ਜਾਵੇਗੀ। ਉਸਨੂੰ ਰਾਜ-ਮਹਿਲ ਤੋਂ ਭਜਾ ਦਿੱਤਾ ਗਿਆ, ਤੇ ਉਹਦਾ ਦਿਮਾਗ ਹਿੱਲ ਗਿਆ। ਉਹ ਸ਼ਹਿਰ ਦੇ ਬਾਹਰ ਪਸ਼ੂਆਂ ਵਾਂਗ ਭਟਕਦਾ ਫਿਰਿਆ ਤੇ ਨਾਲ ਹੀ ਉਹਦੇ ਵਾਲ ਤੇ ਨਹੁੰ ਵਧ ਗਏ। ਇਹ ਮਸ਼ਹੂਰ ਰਾਜਾ ਇੱਕ ਜੰਗਲੀ ਜਾਨਵਰਾਂ ਵਰਗਾ ਬਣ ਗਿਆ ਜੋ ਬਾਹਰ ਇਕੱਲਾ ਰਹਿ ਰਿਹਾ ਸੀ। ਹਉਮੈ ਇੱਕ ਬਹੁਤ ਹੀ ਵੱਡਾ ਪਾਪ ਹੈ ਜਿਸਨੂੰ ਪ੍ਰਮਾਤਮਾ ਨਹੀਂ ਸਹਿੰਦੇ। ਪ੍ਰਮਾਤਮਾ ਲੋਕਾਂ ਦੀ ਹਉਮੈ ਤੋੜ ਸਕਦੇ ਨੇ, ਉਹਨਾਂ ਦੀਆਂ ਘੈਂਟ ਨੌਕਰੀਆਂ ਖੋਹ ਸਕਦੇ ਨੇ ਜਾਂ ਫਿਰ ਉਨ੍ਹਾਂ ਨੂੰ ਆਪਣਾ ਪੈਸਾ ਗਵਾਉਣ 'ਤੇ ਮਜਬੂਰ ਕਰ ਸਕਦੇ ਨੇ। ਪ੍ਰਮਾਤਮਾ ਹੀ ਇਕੱਲੇ ਰਾਜੇ ਨੇ ਤੇ ਉਹ ਸਾਡੀ ਚਿੰਤਾ ਕਰਦੇ ਨੇ। ਜਦੋਂ ਆਪਾਂ ਹਉਮੈ ਨਾਲ ਭਰ ਜਾਂਦੇ ਹਾਂ, ਤਾਂ ਪ੍ਰਮਾਤਮਾ ਸਾਡੀ ਹਉਮੈ ਤੋੜਨ ਆਉਂਦੇ ਨੇ। ਦੂਜੇ ਪਾਸੇ, ਜੇ ਪ੍ਰਮਾਤਮਾ ਦੇ ਅਜਿਹਾ ਕਰਨ ਤੋਂ ਪਹਿਲਾਂ-ਪਹਿਲਾਂ ਆਪਾਂ ਆਪਣੀ ਹਉਮੈ ਨੂੰ ਤੋੜਕੇ ਨਿਮਰ ਬਣ ਜਾਂਦੇ ਹਾਂ ਤਾਂ ਆਪਣੀ ਜ਼ਿੰਦਗੀ ਸੌਖੀ ਹੋ ਜਾਂਦੀ ਹੈ। ਹਉਮੈ ਤਾਂ ਰੂਹੀ ਫਲ ਦਾ ਦੁਸ਼ਮਣ ਹੈ। ਇਸ ਮਹੀਨੇ ਆਪਾਂ ਸਬਰ ਕਰਨ ਬਾਰੇ ਸਿੱਖਣਾ ਹੈ। ਉਡੀਕ ਕਰਨੀ

ਬਹੁਤ ਔਖੀ ਹੋ ਸਕਦੀ ਹੈ। ਕਦੇ-ਕਦੇ ਪ੍ਰਮਾਤਮਾ ਵੱਲੋਂ ਕੀਤੇ ਵਾਅਦਿਆਂ ਨੂੰ ਪੂਰਾ ਹੋਣ 'ਚ ਸਮਾਂ ਲੱਗ ਜਾਂਦਾ ਹੈ, ਜਾਂ ਹੋਰਾਂ ਵੱਲੋਂ ਕੀਤੇ ਵਾਅਦੇ ਪੂਰੇ ਹੋਣ ਦੀ ਉਡੀਕ ਕਰਨੀ ਪੈਂਦੀ ਹੈ। ਕਿਸੇ ਵੀ ਤਰੀਕੇ, ਹਉਮੈ ਆਪਣੇ ਸਬਰ ਦੇ ਰਾਹ 'ਚ ਅੜ ਜਾਂਦੀ ਹੈ। ਜਿੰਨਾ ਜਿਆਦਾ ਆਪਾਂ ਖੁਦ ਦੇ ਬਾਰੇ ਸੋਚਦੇ ਹਾਂ, ਉਨਾ ਹੀ ਆਪਾਂ ਦੂਜਿਆਂ ਦੀ ਉਡੀਕ ਘੱਟ ਕਰ ਪਾਉਂਦੇ ਹਾਂ। ਇੱਕ ਰਾਜੇ ਨੂੰ ਕਿਸੇ ਦੀ ਉਡੀਕ ਕਰਨ ਦੀ ਲੋੜ ਨਹੀਂ ਹੁੰਦੀ। ਇਸ ਕਰਕੇ ਆਪਾਂ ਜਿੰਨਾ ਜਿਆਦਾ ਆਪਣੇ ਆਪ ਨੂੰ ਰਾਜੇ ਵਾਂਗ ਸਮਝਦੇ ਹਾਂ, ਉਨਾ ਹੀ ਆਪਾਂ ਘੱਟ ਉਡੀਕ ਕਰਨਾ ਚਾਹੁੰਦੇ ਹਾਂ। ਬਾਈਬਲ ਦੇ ਅਨੁਸਾਰ ਇਹ ਰਾਜਾ 7 "ਵਾਰ" ਪਸ਼ੂਆਂ ਵਾਂਗ ਰਿਹਾ, ਜਿਸਦਾ ਮਤਲਬ ਸ਼ਾਇਦ 7 ਸਾਲ ਹੈ! ਉਸ ਸਮੇਂ ਤੋਂ ਬਾਅਦ, ਨੈਬਿਊਕਡਨੇਜ਼ਰ ਰਾਜਾ ਸਵਰਗ ਵੱਲ ਦੇਖਕੇ ਬੋਲਦਾ ਹੈ ਤੇ ਇਹ ਸਵੀਕਾਰਦਾ ਹੈ ਕਿ ਪ੍ਰਮਾਤਮਾ ਹੀ ਧਰਤੀ ਦੇ ਅਸਲੀ ਰਾਜੇ ਹਨ, ਤੇ ਉਸਨੇ ਪ੍ਰਮਾਤਮਾ ਨੂੰ ਸਰਾਹਿਆ ਤੇ ਮਹਿਮਾ ਕੀਤੀ। ਉਸਦੀ ਸਮਝਦਾਰੀ ਉਸਨੂੰ ਵਾਪਸ ਮਿਲ ਗਈ, ਤੇ ਉਹ ਮੁੜ ਤੋਂ ਰਾਜਾ ਬਣ ਗਿਆ। ਕੀ ਤੁਸੀਂ ਪ੍ਰਮਾਤਮਾ ਦੁਆਰਾ ਆਪਣੀ ਹਉਮੈ ਤੁੜਵਾਉਣ ਚਾਹੁੰਦੇ ਹੋ, ਜਾਂ ਖੁਦ ਹੀ ਨਿਮਰ ਬਣਕੇ ਰਹਿਣਾ ਚਾਹੁੰਦੇ ਹੋ? ਤੁਸੀਂ ਚੁਣੋ


## ਯਾਦਦਾਸ਼ਤ ਤੁਕ ਖੇਡ 3

### ਗੁਬਾਰਾ ਫੋੜ੍ਹਨਾ

ਗੁਬਾਰੇ ਫੈਲਾਓ, ਯਾਦਦਾਸ਼ਤ ਤੁਕ ਦੇ ਹਰੇਕ ਸ਼ਬਦ ਲਈ ਇੱਕ ਗੁਬਾਰਾ ਫੈਲਾਓ। ਪੱਕਾ ਮਾਰਕਰ ਲੈਕੇ, ਹਰੇਕ ਗੁਬਾਰੇ 'ਤੇ ਯਾਦਦਾਸ਼ਤ ਤੁਕ ਦਾ ਇੱਕ-ਇੱਕ ਸ਼ਬਦ ਲਿਖੋ। ਸਾਫ ਪੈਕਿੰਗ ਟੇਪ ਦੀ ਮਦਦ ਨਾਲ, ਗੁਬਾਰਿਆਂ ਨੂੰ ਕੰਧ 'ਤੇ ਲਗਾਓ (ਜੇ ਸਮਾਂ ਹੈ, ਤਾਂ ਬੱਚੇ ਵਾਰੀ-ਵਾਰੀ ਆਕੇ ਵੀ ਇੰਝ ਕਰ ਸਕਦੇ ਨੇ)। ਗੁਬਾਰੇ ਲਗਾਉਂਦੇ ਹੋਏ ਆਪਣੀ ਪੂਰੀ ਕਲਾਸ ਨੂੰ ਕਹੋ ਕਿ ਉਹ ਉਨਾ ਸਮਾਂ ਉੱਤੇ ਲੱਗੇ ਹੋਏ ਗੁਬਾਰਿਆਂ ਨੂੰ ਪੜ੍ਹਨ। ਜਦੋਂ ਸਾਰੇ ਗੁਬਾਰੇ ਲੱਗ ਜਾਣ, ਤਾਂ ਵਲੰਟੀਅਰਾਂ ਨੂੰ ਕਹੋ ਕਿ ਉਹ ਵਾਰੀ-ਵਾਰੀ ਆਕੇ ਕੋਈ ਵੀ ਗੁਬਾਰਾ ਫੋੜ੍ਹਦੇ ਜਾਣ ("ਪੁਸ਼ ਪਿੰਨ" ਵਧੀਆ ਕੰਮ ਕਰਦੀ ਹੈ), ਹਰ ਗੁਬਾਰਾ ਫੁੱਟਣ ਤੋਂ ਬਾਅਦ ਸਭ ਰਲਕੇ ਯਾਦਦਾਸ਼ਤ ਤੁਕ ਨੂੰ ਪੂਰਾ ਬੋਲਣਗੇ।



## ਪਜ਼ਲ ਦੇ ਉੱਤਰ 3





| | | | | | | | | | | |
|---|---|---|---|---|---|---|---|---|---|---|
| ਵਾ | ਅ | ਦੇ | ਉ | ਨਾ | ਰ | ਕ | ਫਿ | ਹੰ | ਜਾ | ਅ |
| ਮਾ | ਹੰ | ਮਾ | ਬ | ਨਿ | ਣਾ | ਕਾ | ਕ੍ਰੈ | ਕ | ਰਾ | ਦੇ |
| ਅ | ਉ | ਤ | ਅ | ਣਾ | ਕ | ਪਾ | ਹੰ | ਵਾ | ਫਿ | ਸ |
| ਦੇ | ਫਿ | ਮਾ | ਪਾ | ਕ੍ਰੈ | ਡੀ | ਬ | ਰ | ਕ੍ਰੈ | ਉ | ਰਾ |
| ਨਿ | ਰ | ਪ੍ਰ | ਨਾ | ਵਾ | ਉ | ਣਾ | ਨਿ | ਅ | ਨਿ | ਹੁ |
| ਨਾ | ਮ | ਕਾ | | ਰ | ਦੇ | ਨ | ਣਾ | ਨਾ | ਸ਼ | ਣਾ |
| ਮਾ | ਕ | ਰ | ਮਾ | ਉ | ਕ | ਮੰ | ਹੰ | ਹਿ | ਵਾ | ਮਾ |
| ਸ | ਕ੍ਰੈ | ਵਾ | ਕਾ | ਦੇ | ਪ | ਰਾ | ਰ | ਹੰ | ਟ | ਅ |
| ਬ | ਰ | ਅ | ਕ੍ਰੈ | ਹੰ | ਪਾ | ਨਿ | ਪੂ | ਡਿ | ਮਾ | ਵਾ |
| ਰ | ਫਿ | ਸ਼ | ਨਾ | ਉ | ਫਿ | ਵਾ | ਕ੍ਰੈ | ਹ | ਊ | ਮੈ |

ਹਉਮੈ ਪਾਪ ਨਾਸ਼ ਰਾਜਾ ਹੰਕਾਰ ਸ਼ਹਿਰ ਪ੍ਰਮਾਤਮਾ ਨਿਮਰ ਸਬਰ ਉਡੀਕ ਪੂਰਾ ਕਰਨਾ ਵਾਅਦੇ ਮੰਨਣਾ ਸਰਾਹੁਣਾ ਕ੍ਰੈਡਿਟ

## ਪ੍ਰਸ਼ਨ ਅਤੇ ਉੱਤਰ 3




**1. ਤੁਹਾਨੂੰ ਕੀ ਲੱਗਦਾ ਹੈ ਕਿ ਰਾਜਾ ਸੱਚਮੁੱਚ ਪਾਗਲ ਹੋ ਗਿਆ ਤੇ ਘਾਹ ਖਾ ਗਿਆ?**

ਕੁਝ ਲੋਕ ਬਾਈਬਲ ਦੀਆਂ ਕਹਾਣੀਆਂ ਨੂੰ ਕਹਿੰਦੇ ਨੇ ਕਿ ਉਹ ਥੋੜ੍ਹੀਆਂ "ਬਦਲ ਕੇ" ਦੱਸੀਆਂ ਜਾਂਦੀਆਂ ਨੇ ਤੇ ਅਸਲੀ ਨਹੀਂ ਹਨ। ਜਦੋਂ ਬਾਈਬਲ ਕਹਿੰਦੀ ਹੈ ਕਿ ਪ੍ਰਮਾਤਮਾ ਨੇ ਰਾਜੇ ਨੂੰ ਪਾਗਲ ਬਣਾਕੇ ਉਹਦੀ ਹਉਮੈ ਤੋੜ ਦਿੱਤੀ, ਤਾਂ ਕੀ ਆਪਾਂ ਵਿਸ਼ਵਾਸ ਕਰਾਂਗੇ? ਅਸੀਂ ਜਾਣਦੇ ਹਾਂ ਕਿ ਇਹ ਸੰਭਵ ਹੈ! ਆਓ ਆਪਾਂ ਵਿਸ਼ਵਾਸ ਕਰੀਏ ਕਿ ਪ੍ਰਮਾਤਮਾ ਬਹੁਤ ਸ਼ਕਤੀਸ਼ਾਲੀ ਹੈ, ਤੇ ਆਪਣਾ ਜਦੋਂ ਚਾਹੇ ਉਦੋਂ ਹੰਕਾਰ ਤੋੜ ਸਕਦਾ ਹੈ।

**2. ਰਾਜਾ ਜੇ ਚਾਹੁੰਦਾ ਤਾਂ ਆਪਣੀ ਹਊਮੈ ਕਿਵੇਂ ਤੋੜ ਸਕਦਾ ਸੀ ਤਾਂ ਜੋ ਪ੍ਰਮਾਤਮਾ ਨੂੰ ਨਾ ਤੋੜਨੀ ਪੈਂਦੀ?**

ਰਾਜਾ ਇਹ ਕਹਿਣ ਦੀ ਬਜਾਏ ਕਿ ਇਹ ਸਭ ਕੁਝ "ਉਹਦੀ ਤਾਕਤ ਕਰਕੇ" ਹੋਇਆ ਹੈ, ਇਹ ਕਹਿ ਸਕਦਾ ਸੀ, "ਇਸ ਘੈਂਟ ਰਾਜ ਵੱਲ ਦੇਖੋ ਜਿਸਨੂੰ ਪ੍ਰਮਾਤਮਾ ਨੇ ਸਫਲ ਬਣਾਇਆ ਹੈ।" ਉਹ ਹੋਰਾਂ ਦਾ ਧੰਨਵਾਦ ਕਰ ਸਕਦਾ ਸੀ, ਉਹਨਾਂ ਨੂੰ ਆਦਰ ਦੇ ਸਕਦਾ ਸੀ। ਸਿੰਘਾਸਣ 'ਤੇ ਬੈਠਕੇ ਰਾਜਾ ਜਨਤਾ ਮੂਹਰੇ ਇਹ ਕਹਿ ਸਕਦਾ ਸੀ ਕਿ ਇਹ ਸਭ ਕੁਝ ਪ੍ਰਮਾਤਮਾ ਦੀ ਕਿਰਪਾ ਬਿਨਾ ਨਹੀਂ ਸੀ ਹੋ ਸਕਦਾ।

**3. ਤੁਹਾਡੇ ਭਾਈਚਾਰੇ 'ਚ ਲੋਕ ਰਾਜਿਆਂ ਵਾਂਗ ਕਿਵੇਂ ਪੇਸ਼ ਆਉਂਦੇ ਨੇ? ਕਿਹੋ ਜਿਹਾ ਲੱਗਦਾ ਹੈ?**

ਲੋਕ ਹਰ ਸਮੇਂ ਰਾਜਿਆਂ ਵਾਂਗ ਪੇਸ਼ ਆਉਂਦੇ ਨੇ! ਉਦੋਂ ਜਦੋਂ ਆਪਾਂ ਆਪਣੀ ਖੁਦ ਦੀ ਮਹਿਮਾ ਕਰਦੇ ਹਾਂ; ਇਹ ਦਿਖਾਵਾ ਕਰਦੇ ਹਾਂ ਕਿ ਹਰ ਚੀਜ਼ ਵਧੀਆ ਢੰਗ ਨਾਲ ਕਰ ਲੈਂਦੇ ਹਾਂ, ਤੇ ਦੂਜਿਆਂ ਨੂੰ ਜਾਂ ਪ੍ਰਮਾਤਮਾ ਨੂੰ ਕਿਸੇ ਗੱਲ ਦਾ ਕ੍ਰੈਡਿਟ ਨਹੀਂ ਦਿੰਦੇ। ਉਦੋਂ ਵੀ ਜਦੋਂ ਆਪਾਂ ਅਮੀਰ ਦਿਖਣ ਲਈ ਤੇ ਪ੍ਰਸਿੱਧੀ ਪਾਉਣ ਲਈ ਪੈਸੇ-ਸ਼ੋਹਰਤ ਮਗਰ ਭੱਜਦੇ ਹਾਂ।

## ਅਖਾੜੇ ਦੇ ਵਿੱਚ 3

ਆਪਣੀ ਹਊਮੈ ਨੂੰ ਤੋੜਨ ਲਈ ਤੇ ਨਿਮਰ ਰਹਿਣ ਲਈ ਕੁਝ ਚੀਜ਼ਾਂ ਕਰੋ। ਤੁਸੀਂ ਆਪਣੀ ਜਗ੍ਹਾ ਕਿਸੇ ਹੋਰ ਨੂੰ ਦੇ ਸਕਦੇ ਹੋ, ਅਜਿਹਾ ਟੀਵੀ ਸ਼ੋ ਦੇਖਣਾ ਬੰਦ ਕਰ ਸਕਦੇ ਹੋ ਜਿਹੜੇ ਵਿਚਲੇ ਪਾਤਰ ਬੜੇ ਹੰਕਾਰੀ ਹੋਣ, ਦੂਜਿਆਂ ਲਈ ਸਟੇਜ 'ਤੇ ਆਪਣੀ ਜਗ੍ਹਾ ਛੱਡ ਸਕਦੇ ਹੋ, ਜਾਂ ਦੂਜਿਆਂ ਨੂੰ ਇਹ ਮੌਕਾ ਦੇ ਸਕਦੇ ਹੋ ਕਿ ਉਹ ਤੁਹਾਡੇ 'ਚ ਗ਼ਲਤੀਆਂ ਲੱਭਕੇ ਤੁਹਾਨੂੰ ਸੁਧਾਰਨ।



# ੫. ਸਬਰ ਜਾਂ ਗੁੱਸਾ

**ਬਾਈਬਲ ਦੀ ਕਹਾਣੀ: ਡੇਵਿਡ, ਨਾਬਲ ਅਤੇ ਐਬੀਗੇਲ**

**1 ਸੈਮਿਊਲ 25**

## ਨਾਟਕ ੫

ਕੋਈ ਨਾ ਚਾਹੁੰਦੇ ਹੋਏ ਵਿਲੀ ਨੂੰ ਅਟਕਾ ਦਿੰਦਾ ਹੈ ਜਿਸ ਨਾਲ ਉਹ ਚਿੱਕੜ 'ਚ ਡਿਗ ਪੈਂਦਾ ਹੈ। ਫ੍ਰੈਡ ਪਾਗਲ ਹੋ ਜਾਂਦਾ ਤੇ ਉਸ ਬੰਦੇ ਨੂੰ ਮਾਰਨਾ ਚਾਹੁੰਦਾ ਜਿਹਨੇ ਉਹਨੂੰ ਅਟਕਾਇਆ ਹੁੰਦਾ ਪਰ ਵਾਈਜ਼ ਵਿਲੀ ਉਸਨੂੰ ਸਮਝਾਉਂਦਾ ਕਿ ਉਹ ਬੰਦੇ ਦਾ ਇਹ ਕਰਨ ਦਾ ਇਰਾਦਾ ਨਹੀਂ ਸੀ ਤੇ ਇਸ ਕਰਕੇ ਉਸਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ। ਬਾਅਦ ਵਿੱਚ ਤਿੰਨੇ ਜਣੇ ਦੋਸਤ ਬਣ ਜਾਂਦੇ ਨੇ ਕਿਉਂਕਿ ਵਿਲੀ ਉਸਦੇ ਗੁੱਸੇ ਨੂੰ ਸ਼ਾਂਤ ਕਰ ਦਿੰਦਾ ਹੈ।

## ਯਾਦਦਾਸ਼ਤ ਤੁਕ ੫

"ਤੁਸੀਂ ਗੁੱਸੇ ਤਾਂ ਹੋਵੋ ਪਰ ਪਾਪ ਨਾ ਕਰੋ, ਸੂਰਜ ਤੁਹਾਡੇ ਕ੍ਰੋਧ ਉੱਤੇ ਨਾ ਡੁੱਬ ਜਾਵੇ!..." ਅਫ਼ਸੀਆਂ ਨੂੰ 4:26

## ਮੁੱਖ ਪਾਠ ੫




ਇਸ ਹਫਤੇ ਆਪਾਂ ਗੁੱਸੇ ਬਾਰੇ ਜਾਣਾਂਗੇ ਕਿਉਂਕਿ ਇਹ ਸਬਰ ਦਾ ਵਿਰੋਧੀ ਹੁੰਦਾ ਹੈ। ਗੁੱਸਾ ਇੱਕ ਅਜਿਹਾ ਜਜ਼ਬਾਤ ਹੁੰਦਾ ਹੈ ਜੋ ਆਪਾਂ ਨੂੰ ਅੰਨ੍ਹਾ ਕਰ ਸਕਦਾ ਹੈ। ਇਹ ਆਪਣੇ ਉੱਪਰ ਹਾਵੀ ਹੋ ਸਕਦਾ ਹੈ, ਤੇ ਆਪਾਂ ਨੂੰ ਫਿਰ ਹੋਰ ਕੁਝ ਵੀ ਨਹੀਂ ਦਿਖਦਾ। ਜਦੋਂ ਆਪਾਂ ਦੂਜਿਆਂ ਖਿਲਾਫ ਜਾਂ ਆਪਣਿਆਂ ਖਿਲਾਫ ਕੋਈ ਪਾਪੀ ਕੰਮ ਕਰਦੇ ਹਾਂ ਤਾਂ ਆਪਾਂ ਗੁੱਸੇ ਹੁੰਦੇ ਹਾਂ। ਉਸ ਸਮੇਂ ਗੁੱਸੇ ਨੂੰ ਰੋਕਣਾ ਬਹੁਤ ਔਖਾ ਹੋ ਜਾਂਦਾ ਹੈ ਜਦੋਂ ਆਪਣੇ 'ਤੇ ਕੋਈ ਜ਼ੁਲਮ ਹੋਇਆ ਹੋਵੇ। ਜਦੋਂ ਆਪਾਂ ਨੂੰ ਪਤਾ ਹੋਵੇ ਕਿ ਆਪਾਂ ਸਹੀ ਹਾਂ, ਤਾਂ ਉਦੋਂ ਆਪਣੇ ਗੁੱਸੇ ਨੂੰ ਰੋਕਣਾ ਹੋਰ ਵੀ ਔਖਾ ਹੋ ਜਾਂਦਾ ਹੈ।

ਅੱਜ ਦੀ ਬਾਈਬਲ ਦੀ ਕਹਾਣੀ 'ਚ ਵੀ ਕੁਝ ਇੰਝ ਹੀ ਹੋਇਆ। ਡੇਵਿਡ ਗੁੱਸੇ ਸੀ ਕਿਉਂਕਿ ਉਹਦੇ ਨਾਲ ਗਲਤ ਹੋਇਆ ਸੀ। ਡੇਵਿਡ 600 ਬੰਦਿਆਂ ਨਾਲ ਯਾਤਰਾ ਕਰ ਰਿਹਾ ਸੀ। ਇਲਾਕੇ ਵਿੱਚੋਂ ਲੰਘਦੇ ਹੋਏ, ਉਹਨੇ ਕੁਝ ਆਦਮੀਆਂ ਨੂੰ ਅੱਗੇ ਭੇਜਿਆ ਤਾਂ ਜੋ ਉਹ ਨਾਬਲ ਤੋਂ ਮਦਦ ਮੰਗਣ, ਤੇ ਕਹਿਣ ਕਿ ਉਨ੍ਹਾਂ ਦੇ ਕੁਝ ਆਦਮੀ ਰਸਤੇ ਵਿੱਚ ਆ ਰਹੇ ਨੇ ਜਿਨ੍ਹਾਂ ਨੂੰ ਭੋਜਨ ਛਕਾਉਣਾ ਹੈ। ਕਿਉਂਕਿ ਡੇਵਿਡ ਲੰਮੇ ਸਮੇਂ ਤੋਂ ਨਾਬਲ ਦੀ ਮਦਦ ਕਰਦਾ ਆਇਆ ਸੀ, ਉਹਦਾ ਪੈਸਾ ਤੇ ਸਮਾਂ ਬਚਾਉਂਦਾ ਆਇਆ ਸੀ, ਇਸ ਕਰਕੇ ਇਹ ਉਹਦਾ ਵੀ ਹੱਕ ਸੀ ਕਿ ਉਹ ਉਸਤੋਂ ਮਦਦ ਮੰਗ ਸਕਦਾ।

ਪਰ, ਨਾਬਲ ਨੇ ਮਤਲਬੀ ਹੁੰਦੇ ਹੋਏ 'ਨਾ' ਕਹਿ ਦਿੱਤਾ।

ਇਸ ਕਰਕੇ ਡੇਵਿਡ ਗੁੱਸੇ ਹੋ ਗਿਆ ਤੇ ਉਹਨੇ ਬਦਲਾ ਲੈਣ ਦਾ ਠਾਨ ਲਿਆ। ਡੇਵਿਡ ਨਾਬਲ ਨੂੰ ਮਾਰਨ ਲਈ 400 ਬੰਦਿਆਂ ਨਾਲ ਰਾਹ 'ਚ ਜਾ ਰਿਹਾ ਸੀ, ਜਦੋਂ ਐਬੀਗੇਲ (ਨਾਬਲ ਦੀ ਪਤਨੀ) ਨੂੰ ਖ਼ਤਰੇ ਦੀ ਭਣਕ ਲੱਗੀ, ਉਹ ਤੁਰੰਤ ਉਸ ਦਿਨ ਨੂੰ ਬਚਾਉਣ ਲਈ ਤਿਆਰ ਹੋ ਗਈ। ਉਹਨੇ 600 ਬੰਦਿਆਂ ਦਾ ਸਵਾਦਿਸ਼ਟ ਖਾਣਾ ਪੈਕ ਕੀਤਾ, ਤੇ ਡੇਵਿਡ ਕੋਲੇ ਜਾਣ ਲਈ ਤੁਰ ਪਈ। ਉਹ ਝੁਕੀ, ਉਹਨੇ ਨਾਬਲ ਦੇ ਵਿਹਾਰ ਲਈ ਮੁਆਫੀ ਮੰਗੀ, ਤੇ ਖਾਣਾ ਨਾਬਲ ਨੂੰ ਦੇ ਦਿੱਤਾ। ਇਥੋਂ ਪਤਾ ਚੱਲਦਾ ਹੈ ਕਿ ਐਬੀਗੇਲ ਨੇ ਨਾਬਲ ਦੀ ਜਾਨ ਬਚਾ ਲਈ। ਬਾਈਬਲ ਦੀ ਇਹ ਕਹਾਣੀ ਇਹ ਦਰਸ਼ਾਉਂਦੀ ਹੈ ਕਿ ਡੇਵਿਡ ਗੁੱਸੇ ਹੋਣ ਦਾ ਹੱਕਦਾਰ ਸੀ।

ਪਰ, ਜਦੋਂ ਐਬੀਗੇਲ ਨੇ ਡੇਵਿਡ ਨੂੰ ਬਦਲਾ ਲੈਣ ਤੋਂ ਰੋਕਿਆ, ਤਾਂ ਕਹਾਣੀ ਬਦਲਦੀ ਹੈ, ਤੇ ਉਹ ਨਾਬਲ ਤੋਂ ਵੱਧ ਡੇਵਿਡ ਦੀ ਮਦਦ ਕਰਦੀ ਦਿਖਾਈ ਦਿੰਦੀ ਹੈ। ਬਦਲਾ ਲੈਣਾ ਕਿਤੇ ਨਾ ਕਿਤੇ ਡੇਵਿਡ ਦਾ ਹੱਕ ਸੀ, ਪਰ ਜੇ ਉਹਨੇ ਬਦਲਾ ਲਿਆ ਹੁੰਦਾ ਤਾਂ ਚੰਗਾ ਨਾ ਹੁੰਦਾ। ਉਹ ਆਪਣੀ ਜਗ੍ਹਾ ਸਹੀ ਤਾਂ ਠਹਿਰਦਾ, ਪਰ ਉਹਨੂੰ ਰੱਬ ਦੀ ਕਿਰਪਾ ਨਹੀਂ ਸੀ ਮਿਲਣੀ।

ਦੇਖਣ ਨੂੰ ਤਾਂ ਇੰਝ ਲੱਗਦਾ ਹੋਵੇਗਾ ਕਿ ਐਬੀਗੇਲ ਨੇ ਨਾਬਲ ਨੂੰ ਬਚਾਇਆ, ਪਰ ਅਸਲ 'ਚ ਉਹਨੇ ਡੇਵਿਡ ਨੂੰ ਭਿਅੰਕਰ ਗੁੱਸਾ ਕਰਨ ਤੋਂ ਬਚਾਇਆ। ਅਜਿਹੀ ਸਥਿਤੀ 'ਚ ਗੁੱਸੇ ਹੋਣ ਨਾਲੋਂ ਸਬਰ ਰੱਖਣਾ ਹੀ ਠੀਕ ਰਹਿੰਦਾ। ਅਖੀਰ 'ਚ ਪ੍ਰਮਾਤਮਾ ਨੇ ਨਾਬਲ ਨੂੰ ਉਹਦੀ ਗਲਤੀ ਦੀ ਸਜ਼ਾ ਦਿੱਤੀ ਜੋ ਉਸਨੇ ਡੇਵਿਡ ਖਿਲਾਫ ਕੀਤੀ।

ਜਦੋਂ ਆਪਾਂ ਨੂੰ ਗੁੱਸੇ ਤੇ ਸਬਰ 'ਚੋਂ ਕੁਝ ਚੁਣਨਾ ਪਵੇ, ਤਾਂ ਆਪਾਂ ਖੁਦ ਨੂੰ ਇਹ ਸਵਾਲ ਪੁੱਛ ਸਕਦੇ ਹਾਂ। ਕੀ ਆਪਾਂ ਬਸ ਸਹੀ ਹੋਣੇ ਚਾਹੀਦੇ ਹਾਂ, ਪਰ ਰੱਬ ਦੀ ਕਿਰਪਾ ਨੀ ਲੈਣਾ ਚਾਹੁੰਦੇ? ਜਾਂ ਫਿਰ ਦੂਜਾ ਵਧੀਆ ਤਰੀਕਾ ਚੁਣੀਏ ਜੀਹਦੇ ਨਾਲ ਰੱਬ ਦੀ ਹੋਰ ਕਿਰਪਾ ਮਿਲੇ?


## ਯਾਦਦਾਸ਼ਤ ਤੁਕ ਖੇਡ 5



**ਇੱਕ ਸਮੇਂ 'ਤੇ ਇੱਕ ਚਿੱਠੀ**

ਬੋਰਡ ਉੱਤੇ ਯਾਦਦਾਸ਼ਤ ਤੁਕ ਦੇ ਹਰੇਕ ਸ਼ਬਦ ਦਾ ਪਹਿਲਾ ਅੱਖਰ ਲਿਖੋ। ਬੱਚੇ ਫਿਰ ਤੁਕ ਲਿਖਣ ਦੀ ਕੋਸ਼ਿਸ਼ ਕਰਨਗੇ।

## ਪਜ਼ਲ ਦੇ ਉੱਤਰ 5





| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਸ | ਅ | ਭਾ | ਖਾ | ਚਾ | ਨਾ | ਕ੍ਰੈ | ਬ | ਦ | ਲਾ | ਗ | ਬ | ਕ੍ਰੈ | ਹੀ | ਸ | ਲਾ | ਖ |
| ਢ | ਹੀ | ਕੀ | ਣਾ | ਸ਼ਾ | ਦਿ | ਭਾ | ਢ | ਗ | ਭਾ | ਖ | ਚਾ | ਢ | ਚਾ | ਕੀ | ਣਾ | ਤ |
| ਗ | ਖ | ਲਾ | ਕੀ | ਸ਼ਾ | ਖ | ਸ਼ਾ | ਹੀ | ਲਾ | ਤੀ | ਲਾ | ਅ | ਗ | ਕੀ | ਤ | ਖ | ਰਾ |
| ਡੇ | ਣਾ | ਕ੍ਰੈ | ਕੀ | ਚਾ | ਣਾ | ਲ | ਅ | ਭਾ | ਕੀ | ਹੀ | ਅ | ਵਿ | ਬਾ | ਸ਼ਾ | ਭਾ | ਹੀ |
| ਵਿ | ਸ਼ਾ | ਗੁੱ | ਸਾ | ਸ਼ਾ | ਕੀ | ਗੇ | ਕ੍ਰੈ | ਖ | ਰਾ | ਸ਼ਾ | ਕੀ | ਜ਼ | ਕੀ | ਚਾ | ਢ | ਕ੍ਰੈ |
| ਡ | ਅ | ਲਾ | ਗ | ਭਾ | ਚਾ | ਬੀ | ਵਿ | ਕੀ | ਤ | ਣਾ | ਜ | ਸ਼ਾ | ਖ | ਨਾ | ਬ | ਲ |
| ਕ੍ਰੈ | ਗ | ਲ | ਤ | ਢ | ਣਾ | ਐ | ਢ | ਖ | ਯਾ | ਹੀ | ਲੀ | ਸ਼ਾ | ਗ | ਭਾ | ਸੁ | ਅ |

ਗੁੱਸਾ ਜਜ਼ਬਾਤ ਨਾ ਦਿਖਣਾ ਗਲਤ ਸਹੀ ਡੇਵਿਡ ਨਾਬਲ ਐਬੀਗੇਲ ਬਦਲਾ ਖਤਰਾ ਖਾਣਾ ਯਾਤਰਾ ਕੀਤੀ ਬਚਾਅ ਸਹੀ ਕਿਰਪਾ ਮਿਲਣੀ

## ਪ੍ਰਸ਼ਨ ਅਤੇ ਉੱਤਰ ੫

**1. ਜਦੋਂ ਆਪਣੇ ਨਾਲ ਗਲਤ ਹੋਇਆ ਹੋਵੇ ਤਾਂ ਗੁੱਸਾ ਹੋਣ 'ਚ ਕੀ ਹਰਜ ਐ?**

ਜਦੋਂ ਆਪਣੇ ਨਾਲ ਕੁਝ ਗ਼ਲਤ ਹੋਣ 'ਤੇ ਆਪਾਂ ਗੁੱਸਾ ਕਰਦੇ ਹਾਂ ਤਾਂ ਬਾਹਰ ਇਹ ਦਿਖਾਈ ਦਿੰਦਾ ਹੈ ਕਿ ਆਪਾਂ ਨੂੰ ਪ੍ਰਮਾਤਮਾ 'ਤੇ ਭਰੋਸਾ ਨਹੀਂ ਹੈ। ਇਸ ਤੋਂ ਪਤਾ ਚਲਦਾ ਹੈ ਕਿ ਆਪਣੇ ਦਿਲ 'ਚ ਸਵਾਰਥ ਹੈ। ਪਰ, ਜੇ ਕੋਈ ਗਲਤੀ ਕਰ ਰਿਹਾ ਹੈ, ਤੇ ਆਪਾਂ ਉਸ 'ਤੇ ਗੁੱਸੇ ਹੁੰਦੇ ਹਾਂ ਤਾਂ ਇਸ ਨਾਲ ਦਿਖਦਾ ਹੈ ਕਿ ਆਪਾਂ ਉਸਨੂੰ ਪਿਆਰ ਕਰਦੇ ਹਾਂ ਤੇ ਉਸਦੀ ਪਰਵਾਹ ਕਰਦੇ ਹਾਂ। ਜੋ ਵੀ ਆਪਾਂ ਆਪਣੇ ਗੁੱਸੇ 'ਚ ਕਰ ਬੈਠਦੇ ਹਾਂ, ਉਹ ਪਾਪ ਹੋ ਸਕਦਾ ਹੈ, ਇਸ ਕਰਕੇ ਆਪਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ।




**2. ਕੀ ਤੁਹਾਨੂੰ ਕਿਸੇ ਵੇਲੇ ਗਲਤ ਠਹਿਰਾਇਆ ਗਿਆ ਹੈ ਜਦੋਂ ਤੁਸੀਂ ਅਸਲ 'ਚ ਸਹੀ ਹੋਵੋਂ? ਸਮਝਾਓ।**

ਆਪਣੇ ਵਿਦਿਆਰਥੀਆਂ ਨੂੰ ਕਹੋ ਕਿ ਉਹ ਅਜਿਹੀਆਂ ਵੱਖ-ਵੱਖ ਸਥਿਤੀਆਂ ਬਾਰੇ ਚਰਚਾ ਕਰਨ ਜਦੋਂ ਉਨ੍ਹਾਂ ਨਾਲ ਕੁਝ ਗ਼ਲਤ ਹੋਇਆ ਹੋਵੇ। ਉਹਨਾਂ ਨੂੰ ਕਹੋ ਕਿ ਉਹ ਇਹ ਸੋਚਣ-ਵਿਚਾਰਨ ਕਿ ਕੀ ਉਦੋਂ ਉਨ੍ਹਾਂ ਦੀ ਖੁਦ ਦੀ ਕੋਈ ਗ਼ਲਤੀ ਸੀ ਜਾਂ ਨਹੀਂ। ਜਦੋਂ ਤੁਹਾਨੂੰ ਪਤਾ ਲੱਗੇ ਕਿ ਇਹ ਉਨ੍ਹਾਂ ਦੀ ਗ਼ਲਤੀ ਨਹੀਂ ਸੀ, ਤਾਂ ਉਨ੍ਹਾਂ ਨਾਲ ਚਰਚਾ ਕਰੋ ਕਿ ਬਦਲਾ ਲੈਣ ਤੋਂ ਬਚਣ ਲਈ ਕਿੰਨੇ ਸਬਰ ਦੀ ਲੋੜ ਪੈਂਦੀ ਹੈ।

**3. ਕੀ ਪ੍ਰਮਾਤਮਾ ਮੇਰੇ ਲਈ ਹਮੇਸ਼ਾ ਬਦਲਾ ਲੈਣਗੇ?**

ਜੋ ਆਪਣੇ ਨਾਲ ਜ਼ੁਲਮ ਹੋਇਆ ਹੈ ਉਸ 'ਤੇ ਗੁੱਸਾ ਕਰਨ ਦੀ ਬਜਾਏ ਆਪਾਂ ਇਹ ਸੋਚਕੇ ਸ਼ਾਂਤ ਹੋ ਸਕਦੇ ਹਾਂ ਕਿ ਪ੍ਰਮਾਤਮਾ ਆਪੇ ਹਿਸਾਬ-ਕਿਤਾਬ ਕਰਨਗੇ ਤੇ ਹਰੇਕ ਨੂੰ ਆਪਣੇ ਕਰਮਾਂ ਦਾ ਫਲ ਦੇਣਗੇ। ਪਰ ਸਮੱਸਿਆ ਉਦੋਂ ਆਉਂਦੀ ਹੈ ਜਦੋਂ ਆਪਾਂ ਚਾਹੁੰਦੇ ਹਾਂ ਕਿ ਪ੍ਰਮਾਤਮਾ ਆਪਣੀ ਉਮਰ ਚਲਦੇ-ਚਲਦੇ ਹੀ ਬਦਲਾ ਲੈ ਲੈਣ ਜਾਂ ਫਿਰ ਇਸ ਧਰਤੀ 'ਤੇ ਹੀ ਬਦਲਾ ਲੈਣ। ਪ੍ਰਮਾਤਮਾ ਹਰੇਕ ਦਾ ਹਿਸਾਬ-ਕਿਤਾਬ ਕਰਦੇ ਨੇ, ਪਰ ਆਪਾਂ ਨੂੰ ਨੀ ਪਤਾ ਕਦੋਂ ਕਰਦੇ ਨੇ, ਕਿੱਥੇ ਕਰਦੇ ਨੇ ਜਾਂ ਇਹ ਵੀ ਨੀ ਪਤਾ ਹੁੰਦਾ ਕਿ ਆਪਣੀ ਉਮਰ ਚਲਦੇ ਕਰਦੇ ਨੇ ਜਾਂ ਬਾਅਦ 'ਚ ਕਰਦੇ ਨੇ।

## ਅਖਾੜੇ ਦੇ ਵਿੱਚ ੫

ਤੋਹਫੇ ਦੇਣ ਲਈ ਛੋਟੀਆਂ-ਛੋਟੀਆਂ ਚੀਜ਼ਾਂ ਖਰੀਦੋ। ਜਦੋਂ ਵੀ ਤੁਸੀਂ ਗੁੱਸੇ ਹੁੰਦੇ ਹੋ, ਤਾਂ ਕੋਈ ਚੀਜ਼ ਉਸ ਇਨਸਾਨ ਨੂੰ ਦੇ ਦਿਓ ਜਿਸ ਨਾਲ ਤੁਸੀਂ ਗੁੱਸੇ ਹੋਏ ਹੋਂ। ਛੋਟੇ-ਛੋਟੇ ਤੋਹਫੇ ਦੇਕੇ ਆਪਣੇ ਗੁੱਸੇ 'ਤੇ ਕਾਬੂ ਪਾਉਣਾ ਸਿੱਖੋ, ਤੇ ਤੁਸੀਂ ਦੇਖੋਂਗੇ ਕਿ ਤੁਹਾਡਾ ਸਬਰ ਕਿਵੇਂ ਵਧਦਾ ਜਾਂਦਾ ਹੈ।



# 5. ਸਬਰ ਜਾਂ ਹੱਕਦਾਰੀ

**ਬਾਈਬਲ ਦੀ ਕਹਾਣੀ: ਮੰਨ ਤੇ ਤਿੱਤਰ**

**ਐਕਸਡਸ 16:1-18**


## ਨਾਟਕ 5

ਸਕੂਲ 'ਚ ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡ ਨੂੰ ਦੁਪਹਿਰ ਦਾ ਖਾਣਾ ਦਿੱਤਾ ਜਾਂਦਾ ਹੈ, ਖਾਣਾ ਕੁਝ ਖਾਸ ਤਾਂ ਨਹੀਂ ਹੈ ਪਰ ਠੀਕ ਹੈ। ਫ੍ਰੈਡ ਉੱਚੀ-ਉੱਚੀ ਰੌਲਾ ਪਾਉਂਦਾ ਹੈ ਕਿ ਉਹਦਾ ਖਾਣਾ ਵਧੀਆ ਨੀ ਹੈਗਾ। ਵਿਲੀ ਸ਼ਾਂਤੀ ਨਾਲ ਪ੍ਰਮਾਤਮਾ ਦਾ ਖਾਣੇ ਲਈ ਸ਼ੁਕਰ ਮਨਾਉਂਦਾ ਹੈ।

## ਯਾਦਦਾਸ਼ਤ ਤੁਕ 5

"ਤੁਸੀਂ ਵੀ ਧੀਰਜ ਕਰੋ। ਆਪਣਿਆਂ ਮਨਾਂ ਨੂੰ ਤਕੜਿਆਂ ਰੱਖੋ ਕਿਉਂ ਜੋ ਪ੍ਰਭੁ ਦਾ ਆਉਣਾ ਨੇੜੇ ਹੀ ਹੈ 9ਹੇ ਭਰਾਵੋ, ਇੱਕ ਦੂਏ ਦੇ ਵਿਰੁੱਧ ਬੁੜ ਬੁੜ ਨਾ ਕਰੋ ਭਈ ਤੁਸੀਂ ਦੋਸ਼ੀ ਨਾ ਠਹਿਰਾਏ ਜਾਓ। ਵੇਖੋ, ਨਿਆਈ ਬੂਹੇ ਉੱਤੇ ਖਲੋਤਾ ਹੈ !" ਯਾਕੂਬ 5:8-9

## ਮੁੱਖ ਪਾਠ 5




ਵਿਦਿਆਰਥੀਓ, ਇਸ ਹਫਤੇ ਆਪਣੀ ਮੈਚ ਫਾਈਟ ਹੋਵੇਗੀ ਸਬਰ ਤੇ ਹੱਕਦਾਰੀ ਵਿਚਕਾਰ। ਹੱਕਦਾਰੀ ਤੋਂ ਭਾਵ ਜਦੋਂ ਕੋਈ ਬੰਦਾ ਇਹ ਮੰਨੇ ਕਿ ਕਿਸੇ ਚੀਜ਼ 'ਤੇ ਉਹਦਾ ਪੂਰਾ ਹੱਕ ਹੈ ਪਰ ਨਾਲ ਹੀ ਉਹਦੇ ਅੰਦਰ ਇਸਨੂੰ ਲੈਕੇ ਹੰਕਾਰ ਦੀ ਭਾਵਨਾ ਹੈ। ਇਹ ਅਮੀਰ ਦੇਸ਼ਾਂ 'ਚ ਦੇਖਿਆ ਜਾਂਦਾ ਜਦੋਂ ਲੋਕ ਸੋਚਦੇ ਨੇ ਕਿ ਉਨ੍ਹਾਂ ਦਾ ਹਰ ਉਸ ਚੀਜ਼ ਉੱਤੇ ਹੱਕ ਹੈ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਹੈ ਜਾਂ ਚਾਹ ਹੈ। ਹੱਕਦਾਰੀ ਗਰੀਬ ਦੇਸ਼ਾਂ 'ਚ ਵੀ ਦੇਖੀ ਜਾਂਦੀ ਹੈ, ਜਦੋਂ ਲੋਕ ਮੰਨਣ ਕਿ ਭੀਖ ਮੰਗਣਾ ਉਨ੍ਹਾਂ ਦਾ ਹੱਕ ਹੈ ਕਿਉਂਕਿ ਉਨ੍ਹਾਂ ਨੂੰ ਦੂਜਿਆਂ ਵਾਂਗ ਪੂਰੇ ਹੱਕ ਨਹੀਂ ਮਿਲੇ। ਇਨ੍ਹਾਂ ਵਿੱਚੋਂ ਕੋਈ ਵੀ ਰਵੱਈਆ ਚੰਗਾ ਨਹੀਂ ਹੈ। ਪ੍ਰਮਾਤਮਾ ਚਾਹੁੰਦੇ ਨੇ ਕਿ ਆਪਾਂ ਸਬਰ ਰੱਖੀਏ ਤੇ ਆਪਣੀ ਜ਼ਿੰਦਗੀ ਨੂੰ ਉਨ੍ਹਾਂ ਦੇ ਭਰੋਸੇ ਜਿਉਂਈਏ। ਅੱਜ ਦੀ ਬਾਈਬਲ ਦੀ ਕਹਾਣੀ ਵਿੱਚ, ਇਜ਼ਰਾਈਲ ਦੇ ਲੋਕ ਲੋੜਵੰਦ ਸਨ ਅਤੇ ਪ੍ਰਮਾਤਮਾ ਤੋਂ ਮਦਦ ਲਈ ਭੀਖ ਮੰਗਣ ਲੱਗੇ। ਬਾਈਬਲ ਦੇ ਅਨੁਸਾਰ ਉਹ ਪ੍ਰਮਾਤਮਾ ਵਿਰੁੱਧ ਬੁੜਬੁੜਾਉਣ ਲੱਗੇ, ਕਹਿਣ ਲੱਗੇ ਕਿ ਇਹਦੇ ਨਾਲੋਂ ਤਾਂ ਉਹ ਮਿਸਰ 'ਚ ਹੀ ਚੰਗੇ ਸੀ, ਪ੍ਰਮਾਤਮਾ ਪਿੱਛੇ ਲੱਗਕੇ ਰੇਗਿਸਤਾਨ 'ਚ ਆਉਣ ਦੀ ਕੀ ਲੋੜ ਸੀ। ਉਹ ਉੱਚੀ-ਉੱਚੀ ਰੌਲਾ ਪਾਉਣ ਲੱਗੇ ਕਿ ਇਹਦੇ ਨਾਲੋਂ ਤਾਂ ਉਹ ਮਿਸਰ 'ਚ ਹੀ ਮਰੇ ਚੰਗੇ ਸੀ। ਪਰ ਫਿਰ ਕੁਝ ਅਜਿਹਾ ਹੋਇਆ ਜਿਸਦੀ ਕਿਸੇ ਨੇ ਵੀ ਉਮੀਦ ਨਹੀਂ ਕੀਤੀ ਸੀ! ਪ੍ਰਮਾਤਮਾ ਨੇ ਉਨ੍ਹਾਂ ਦਾ ਖਿਆਲ ਰੱਖਦੇ ਹੋਏ ਇੱਕ ਵੱਡਾ ਚਮਤਕਾਰ ਕੀਤਾ, ਪ੍ਰਮਾਤਮਾ ਨੇ ਮੰਨ ਤੇ ਤਿੱਤਰ ਨੂੰ ਅਸਮਾਨ ਤੋਂ ਹੇਠਾਂ ਭੇਜਿਆ! ਹਰ ਸਵੇਰੇ ਖਾਣ ਨੂੰ ਰੋਟੀ ਹੁੰਦੀ ਸੀ, ਇੱਕ ਪਤਲੀ ਪਪੜੀ ਜਿਸਨੂੰ ਮੰਨ ਕਹਿੰਦੇ ਨੇ। ਨਾਲ ਹੀ, ਹਰ ਸ਼ਾਮ ਨੂੰ ਖਾਣ ਲਈ ਮੀਟ ਹੁੰਦਾ ਸੀ, ਤਿੱਤਰ ਸਨ ਜੋ ਪ੍ਰਮਾਤਮਾ ਨੇ ਉਨ੍ਹਾਂ ਦੇ ਰਾਹ ਭੇਜੇ ਸਨ। ਪ੍ਰਮਾਤਮਾ ਦੇ ਚਮਤਕਾਰ ਕਰ ਦੇਣ ਤੋਂ ਬਾਅਦ ਵੀ, ਉਹ ਬੁੜਬੁੜਾਉਂਦੇ ਰਹੇ। ਨੰਬਰ 11:6 ਵਿੱਚ, ਲੋਕ ਬੁੜਬੁੜਾਉਂਦੇ ਹੋਏ ਬੋਲੇ, "ਹੁਣ ਤਾਂ ਆਪਣੀ ਭੁੱਖ ਵੀ ਮਰ ਗਈ, ਖਾਣ ਨੂੰ ਮੰਨ ਤੋਂ ਬਿਨਾਂ ਕੁਝ ਮਿਲਦਾ ਹੀ ਨਹੀਂ!" ਇਜ਼ਰਾਇਲੀਆਂ ਦੇ ਬੁੜਬੁੜਾਉਣ ਕਰਕੇ ਤੇ ਸ਼ਿਕਾਇਤਾਂ ਕਰਨ ਕਰਕੇ ਪ੍ਰਮਾਤਮਾ ਉਨ੍ਹਾਂ 'ਤੇ ਗੁੱਸੇ ਹੋ ਗਏ। ਉਹ ਕਿਤੇ ਨਾ ਕਿਤੇ ਆਪਣੀ ਹੱਕਦਾਰੀ ਜਤਾ ਰਹੇ ਸੀ, ਉਹ ਸੋਚਦੇ ਸੀ ਕਿ ਉਹ ਪ੍ਰਮਾਤਮਾ ਤੋਂ ਭੋਜਨ ਮੰਗ ਸਕਦੇ ਨੇ। ਸੱਚਾਈ ਤਾਂ ਇਹ ਹੈ ਕਿ ਆਪਾਂ ਕਿਸੇ ਨੇ ਵੀ ਕਿਸੇ ਦਾ ਕੁਝ ਨਹੀਂ ਦੇਣਾ। ਆਪਾਂ ਕਿਸੇ ਤੋਂ ਵੀ ਚੀਜ਼ਾਂ ਦੀ ਮੰਗ ਨਹੀਂ ਕਰ ਸਕਦੇ, ਚਾਹੇ ਉਹ ਪ੍ਰਮਾਤਮਾ ਹੋਣ, ਚਾਹੇ ਸਰਕਾਰ ਹੋਵੇ, ਆਪਣੇ ਮਾਪੇ ਹੋਣ, ਆਪਣੀ ਚਰਚ ਜਿਵੇਂ ਜਾਂ ਭਾਵੇਂ ਬਾਹਰਲੇ ਦੇਸ਼ਾਂ ਦੇ ਹੀ ਕਿਉਂ ਨਾ ਹੋਣ। ਹੱਕਦਾਰੀ ਰੱਖਣ ਦੀ ਬਜਾਏ ਆਪਣੇ ਅੰਦਰ ਸਬਰ ਹੋਣਾ ਚਾਹੀਦਾ ਹੈ।


## ਯਾਦਦਾਸ਼ਤ ਤੁਕ ਖੇਡ 5


**ਸੰਗੀਤਮਈ ਕੁਰਸੀਆਂ**



ਹਰ ਬੱਚੇ ਲਈ ਇੱਕ ਕੁਰਸੀ ਲਓ ਤੇ ਉਨ੍ਹਾਂ ਨੂੰ ਇੱਕ ਗੋਲ ਘੇਰੇ 'ਚ ਰੱਖ ਦਿਓ। ਰੰਗ-ਬਿਰੰਗੇ ਕਾਗਜ਼ ਦੇ ਵੱਖੋ-ਵੱਖਰੇ ਟੁਕੜੇ ਕੱਟੋ ਤੇ ਕੁਰਸੀਆਂ ਦੇ ਪਿੱਛੇ ਚਿਪਕਾ ਦਿਓ। ਹਰ ਰੰਗ ਘੱਟੋ-ਘੱਟ ਤਿੰਨ ਕੁਰਸੀਆਂ 'ਤੇ ਲੱਗਿਆ ਹੋਵੇ। ਸੰਗੀਤ ਵਜਾਓ ਤੇ ਵਿਦਿਆਰਥੀਆਂ ਨੂੰ ਕਹੋ ਕਿ ਉਹ ਕੁਰਸੀਆਂ ਦੇ ਆਲੇ-ਦੁਆਲੇ ਤੁਰਨ। ਜਦੋਂ ਸੰਗੀਤ ਰੁਕ ਜਾਵੇ, ਤਾਂ ਵਿਦਿਆਰਥੀ ਛੇਤੀ-ਛੇਤੀ ਕੁਰਸੀ 'ਤੇ ਬੈਠ ਜਾਣ। ਅਧਿਆਪਕ ਇੱਕ ਰੰਗ ਬੋਲਦਾ ਹੈ, ਤੇ ਜਿਨ੍ਹਾਂ-ਜਿਨ੍ਹਾਂ ਦੀ ਕੁਰਸੀ 'ਤੇ ਉਹ ਰੰਗ ਦੀ ਪਰਚੀ ਲੱਗੀ ਹੁੰਦੀ ਹੈ, ਉਹ ਖੜ੍ਹੇ ਹੋ ਜਾਂਦੇ ਨੇ ਤੇ ਯਾਦਦਾਸ਼ਤ ਤੁਕ ਬੋਲਣ ਲੱਗ ਜਾਂਦੇ ਨੇ। ਜੇ ਅਧਿਆਪਕ ਲਾਲ ਰੰਗ ਕਹਿੰਦਾ ਹੈ, ਤਾਂ ਜਿਨ੍ਹਾਂ-ਜਿਨ੍ਹਾਂ ਦੀ ਕੁਰਸੀ 'ਤੇ ਲਾਲ ਰੰਗ ਦੀ ਪਰਚੀ ਲੱਗੀ ਹੁੰਦੀ ਹੈ, ਉਹ ਖੜ੍ਹੇ ਹੋ ਜਾਂਦੇ ਨੇ ਤੇ ਰਲਕੇ ਯਾਦਦਾਸ਼ਤ ਤੁਕ ਬੋਲਣ ਲੱਗ ਜਾਂਦੇ ਨੇ।

## ਪਜ਼ਲ ਦੇ ਉੱਤਰ 5





| | | | | | | | | | | | | | |
|---|---|---|---|---|---|---|---|---|---|---|---|---|---|
| ਹੱ | ਬੁ | ਕ੍ਰੈ | ਲਾ | ਵਾ | ਣ | ਖ | ਰੱ | ਰ | ਬ | ਸ | ਅ | ਵਿ | ਬੁ |
| ਅ | ਕ | ਇ | ਣਾ | ਰੱ | ਰ | ਦਾ | ਰ | ਣਾ | ਧਿ | ਤ | ਣਾ | ਸ਼ੇ | ਫਿ |
| ਬੁ | ਰ | ਦਾ | ਰੱ | ਕ੍ਰੈ | ਤ | ਕਾ | ਹੋ | ਰੇ | ਦਾ | ਫਿ | ਲਾ | ਸ਼ | ਕ੍ਰੈ |
| ੜ | ਫਿ | ਹੈ | ਰੀ | ਦਾ | ਤ | ਰ | ਪ੍ਰ | ਇ | ਣ | ਵਿ | ਰੋ | ਅ | ਰ |
| ਬੁ | ਆ | ਦਾ | ਣਾ | ਮ | ਦਾ | ਕ੍ਰੈ | ਫਿ | ਰ | ਸ਼ | ਕ੍ਰੈ | ਰ | ਧਿ | ਰੇ |
| ੜਾ | ਦ | ਰ | ਚ | ਕ | ਲਾ | ਣ | ਪ੍ਰ | ਵਾ | ਤਿੱ | ਰ | ਤ | ਕਾ | ਦਾ |
| ਇ | ਮੀ | ਕ | ਹੱ | ਲਾ | ਧਿ | ਵਾ | ਸ | ਰੋ | ਰ | ਤ | ਣ | ਰ | ਧਿ |
| ਆ | ਬੁ | ਸਾ | ਧਿ | ਅ | ਣਾ | ਰੱ | ਣ | ਅ | ਰੇ | ਣਾ | ਰ | ਬੁ | ਅ |
| ਮੰ | ਕ੍ਰੈ | ਰੋ | ਦਾ | ਫਿ | ਰੋ | ਤ | ਲਾ | ਗ | ਕ੍ਰੈ | ਪ੍ਰ | ਮਾ | ਤ | ਮਾ |
| ਨ | ਰ | ਭ | ਭੀ | ਖ | ਮੰ | ਗ | ਣਾ | ਰ | ਮੰ | ਰ | ਰੀ | ਕਾ | ਹੰ |

ਹੱਕਦਾਰੀ ਆਦਮੀ ਭਰੋਸਾ ਕਰਦਾ ਹੈ ਹੱਕਦਾਰ ਹੋਣਾ ਵਿਸ਼ੇਸ਼ ਅਧਿਕਾਰ ਹੰਕਾਰੀ ਮੰਗਣ ਵਾਲਾ ਭੀਖ ਮੰਗਣਾ ਪ੍ਰਮਾਤਮਾ ਸਬਰ ਰੱਖਣ ਵਾਲਾ ਵਿਸ਼ਵਾਸ ਮੰਨ ਤਿੱਤਰ ਚਮਤਕਾਰ ਬੁੜਬੁੜਾਇਆ

## ਪ੍ਰਸ਼ਨ ਅਤੇ ਉੱਤਰ 5

**1. ਤੁਸੀਂ ਆਪਣੀ ਸਰਕਾਰ ਤੋਂ ਕਿੰਨ੍ਹਾਂ ਚੀਜ਼ਾਂ ਦੀ ਉਮੀਦ ਰੱਖਦੇ ਹੋ?**

ਆਪਣੀ ਸਰਕਾਰ ਦੁਆਰਾ ਮਿਲਦੇ ਵੱਖ-ਵੱਖ ਪ੍ਰੋਗਰਾਮਾਂ ਬਾਰੇ ਚਰਚਾ ਕਰੋ, ਤੇ ਇਹ ਵੀ ਦੱਸੋ ਕਿ ਉਨ੍ਹਾਂ ਨੂੰ ਲੈਕੇ ਤੁਹਾਨੂੰ ਕਿਹੋ ਜਿਹੀ ਹੱਕਦਾਰੀ ਮਹਿਸੂਸ ਹੁੰਦੀ ਹੈ। ਕੀ ਤੁਹਾਡਾ ਕੋਈ ਅਜਿਹਾ ਗੁਆਂਢੀ ਦੇਸ਼ ਹੈ ਜੋ ਤੁਹਾਡੇ ਦੇਸ਼ ਨਾਲੋਂ ਵੱਖਰੇ ਪੋਗਰਾਮ ਮੁਹੱਈਆ ਕਰਵਾਉਂਦਾ ਹੈ ਜਿਨ੍ਹਾਂ ਬਾਰੇ ਹਰੇਕ ਜਾਣਦਾ ਹੋਵੇ? ਕੀ ਲੋਕ ਬੁੜਬੁੜਾਉਂਦੇ ਨੇ ਕਿ ਉਨ੍ਹਾਂ ਕੋਲ ਕੋਈ ਚੀਜ਼ ਦੀ ਘਾਟ ਹੈ, ਜਾਂ ਫਿਰ ਉਹ ਫੁਕਰੀ ਮਾਰਦੇ ਨੇ ਕਿ ਉਨ੍ਹਾਂ ਕੋਲ ਤਾਂ ਬੜੀਆਂ ਚੀਜ਼ਾਂ ਨੇ, ਦੱਸੋ?




**2. ਜਦੋਂ ਲੋਕ ਬੁੜਬੁੜਾਉਂਦੇ ਨੇ ਸ਼ਿਕਾਇਤ ਕਰਦੇ ਨੇ ਕਿ ਉਹਨਾਂ ਕੋਲ ਕੁਝ ਨਹੀਂ ਹੈ, ਤਾਂ ਉਹ ਆਮ ਤੌਰ 'ਤੇ ਕੀ ਕਹਿੰਦੇ ਹਨ?**

ਆਪਣੇ ਦੇਸ਼ ਜਾਂ ਖੇਤਰ ਦੀਆਂ ਆਮ ਸ਼ਿਕਾਇਤਾਂ ਬਾਰੇ ਚਰਚਾ ਕਰੋ। ਜਿਸ ਤਰੀਕੇ ਨਾਲ ਆਪਾਂ ਸ਼ਿਕਾਇਤਾਂ ਕਰਦੇ ਹੁੰਦੇ ਆਂ, ਉਹਦੀ ਨਕਲ ਕਰਕੇ ਆਪਣੇ ਵਿਦਿਆਰਥੀਆਂ ਨਾਲ ਹਾਸਾ ਮਜ਼ਾਕ ਕਰੋ। ਸਾਵਧਾਨ ਰਹੋ, ਮਜ਼ਾਕ ਨੂੰ ਹਥਿਆਰ ਦੇ ਤੌਰ 'ਤੇ ਹੀ ਵਰਤਿਓ ਆਪਣੇ ਵਿਦਿਆਰਥੀਆਂ ਨੂੰ ਸਿਖਾਓ ਕਿ ਬੁੜਬੁੜਾਉਣਾ ਤੇ ਸ਼ਿਕਾਇਤ ਕਰਨਾ ਕਦੇ ਵੀ ਚੰਗੀ ਗੱਲ ਨਹੀਂ ਹੁੰਦੀ, ਸਗੋਂ ਅਜਿਹਾ ਕਰਨਾ ਹਮੇਸ਼ਾ ਭੈੜਾ ਲੱਗਦਾ ਹੈ।

**3. ਕੀ ਤੁਹਾਨੂੰ ਪ੍ਰਮਾਤਮਾ ਤੋਂ ਕੁਝ ਮੰਗਣ ਦੀ ਚਾਹ ਹੋਈ ਹੈ?**

ਦੱਸੋ ਪ੍ਰਮਾਤਮਾ ਤੋਂ ਜਿਹੜੀਆਂ ਚੀਜ਼ਾਂ ਆਪਾਂ ਮੰਗਦੇ ਹਾਂ ਉਹ ਕਿਹੜੀਆਂ ਹੁੰਦੀਆਂ ਨੇ। ਜਿਵੇਂ ਕਿ, ਜਦੋਂ ਕੋਈ ਬੰਦਾ ਆਪਣੀ ਬਿਮਾਰੀ ਤੋਂ ਠੀਕ ਨਹੀਂ ਹੁੰਦਾ, ਜਾਂ ਛੇਤੀ ਤੰਦਰੁਸਤ ਨਹੀਂ ਹੋ ਜਾਂਦਾ ਤਾਂ ਉਦੋਂ ਆਪਾਂ ਗੁੱਸੇ ਹੋ ਜਾਂਦੇ ਹਾਂ ਤੇ ਅਕਸਰ ਪ੍ਰਮਾਤਮਾ ਦਾ ਦੋਸ਼ ਠਹਿਰਾਉਂਦੇ ਹਾਂ। ਜਦੋਂ ਕੋਈ ਤੁਹਾਡੀ ਚੀਜ਼ ਚੋਰੀ ਕਰਦਾ ਹੈ, ਤਾਂ ਚੋਰ ਉੱਪਰ ਗੁੱਸਾ ਆਉਣਾ ਲਾਜ਼ਮੀ ਹੈ। ਪਰ, ਜੇ ਆਪਾਂ ਪ੍ਰਮਾਤਮਾ ਨਾਲ ਗੁੱਸੇ ਹੋ ਜਾਵਾਂਗੇ ਕਿ ਉਸਨੇ ਆਪਾਂ ਨੂੰ ਚੋਰੀ ਤੋਂ ਨਹੀਂ ਬਚਾਇਆ, ਤਾਂ ਇਹਦੇ ਨਾਲ ਸਾਫ-ਸਾਫ ਇਹ ਦਿਖੇਗਾ ਕਿ ਆਪਾਂ ਪ੍ਰਮਾਤਮਾ ਤੋਂ ਰਾਖੀ ਮੰਗ ਰਹੇ ਹਾਂ।

## ਅਖਾੜੇ ਦੇ ਵਿੱਚ 5

ਇਸ ਹਫਤੇ ਤੁਸੀਂ ਕਿਸੇ ਦਾ ਕੁਝ ਨਹੀਂ ਦੇਣਾ। ਜਦੋਂ ਕਦੇ ਵੀ ਤੁਸੀਂ ਕਿਸੇ ਤੋਂ ਕੁਝ ਮੰਗਣ ਬਾਰੇ ਸੋਚੋਂ, ਤਾਂ ਤੁਰੰਤ ਹੀ ਆਪਣੇ ਆਪ ਨੂੰ ਰੋਕ ਲਓ। ਜਦੋਂ ਕਦੇ ਵੀ ਤੁਸੀਂ ਇਨ੍ਹਾਂ ਚੀਜ਼ਾਂ ਮੰਗਣ ਤੋਂ ਆਪਣੇ ਆਪ ਨੂੰ ਰੋਕ ਲੈਂਦੇ ਹੋ ਤਾਂ ਤੁਸੀਂ ਬੁਰਾਈ ਉੱਤੇ ਜਿੱਤਦੇ ਹੋ; ਚੀਜ਼ਾਂ ਜਿਵੇਂ ਕਿ ਖਾਣਾ, ਅਹਿਸਾਨ, ਸਮਾਂ, ਜਾਂ ਮਦਦ।



# ੬. ਦਿਆਲਤਾ ਜਾਂ ਤੁਲਨਾ

**ਬਾਈਬਲ ਦੀ ਕਹਾਣੀ: ਸੌਲ ਰਾਜਾ ਤੇ ਡੇਵਿਡ**

**1 ਸੈਮਿਊਲ 18:5-16**

## ਨਾਟਕ ੬

ਵੱਡੀ ਫੁੱਟਬਾਲ ਖੇਡ 'ਚ, ਵਾਈਜ਼ ਵਿਲੀ 2 ਗੋਲ ਕਰ ਦਿੰਦਾ ਹੈ, ਜਦੋਂ ਕਿ ਫੂਲਿਸ਼ ਫ੍ਰੈਡ ਸਿਰਫ 1 ਹੀ ਕਰਦਾ ਹੈ। ਹਰ ਕੋਈ ਵਿਲੀ ਲਈ ਖੁਸ਼ੀ ਮਨਾਉਂਦਾ ਹੈ। ਫ੍ਰੈਡ ਪਾਗਲ ਹੋ ਜਾਂਦਾ ਹੈ ਕਿ ਲੋਕ ਵਿਲੀ ਦੀ ਸਫਲਤਾ ਦਾ ਜਸ਼ਨ ਮਨਾ ਰਹੇ ਨੇ।

## ਯਾਦਦਾਸ਼ਤ ਤੁਕ ੬

"ਪਰ ਹਰੇਕ ਆਪਣੇ ਹੀ ਕੰਮ ਨੂੰ ਪਰਖੇ ਤਦ ਉਹ ਨੂੰ ਨਿਰੇ ਆਪਣੀ ਹੀ ਵੱਲ, ਨਾ ਦੂਏ ਦੀ ਵੱਲ ਅਭਮਾਨ ਪਰਾਪਤ ਹੋਵੇਗਾ" ਗਲਾਤੀਆਂ ਨੂੰ 6:4

## ਮੁੱਖ ਪਾਠ ੬




ਇਸ ਹਫਤੇ ਜੋ ਰੂਹੀ ਫਲ ਆਪਾਂ ਪੜ੍ਹਨ ਜਾ ਰਹੇ ਹਾਂ ਉਹ ਹੈ, "ਦਿਆਲਤਾ" ਤੇ ਅੱਗੇ ਆਪਾਂ ਇਹ ਦੇਖਾਂਗੇ ਕਿ ਤੁਲਨਾ ਕਰਨਾ ਅਸਲ 'ਚ ਦਿਆਲਤਾ ਦੇ ਰਾਹ ਦਾ ਰੋੜਾ ਕਿਵੇਂ ਬਣ ਸਕਦਾ ਹੈ। ਤੁਲਨਾ ਕਰਨ ਨਾਲ ਹਰੇਕ ਨੂੰ ਦੁੱਖ ਹੋ ਸਕਦਾ ਹੈ। ਜਦੋਂ ਅਸੀਂ ਕਿਸੇ ਵਿਅਕਤੀ ਦੇ ਤੋਹਫ਼ੇ, ਯੋਗਤਾ, ਸਮੇਂ ਜਾਂ ਪੈਸੇ ਦੀ ਤੁਲਨਾ ਦੂਜਿਆਂ ਨਾਲ ਜਾਂ ਆਪਣੇ ਆਪ ਨਾਲ ਕਰਦੇ ਹਾਂ, ਤਾਂ ਇਸਨੂੰ ਤੁਲਨਾ ਕਿਹਾ ਜਾਂਦਾ ਹੈ। ਅੱਜ ਦੀ ਬਾਈਬਲ ਦੀ ਕਹਾਣੀ ਵਿੱਚ, ਆਪਾਂ ਦੇਖ ਸਕਦੇ ਹਾਂ ਕਿ ਸੌਲ ਰਾਜਾ ਕਿਵੇਂ ਡੇਵਿਡ ਤੋਂ ਈਰਖਾ ਕਰ ਰਿਹਾ ਹੈ, ਤੇ ਬਹੁਤ ਹੀ ਗੁੱਸੇ ਹੋ ਰਿਹਾ ਹੈ। ਪਰ, ਦਿਲਚਸਪ ਗੱਲ ਇਹ ਹੈ ਕਿ ਉਹਦੀ ਈਰਖਾ ਉਦੋਂ ਸ਼ੁਰੂ ਹੋਈ ਜਦੋਂ ਲੋਕ ਉਨ੍ਹਾਂ ਦੋਨਾਂ ਵਿਚਕਾਰ ਤੁਲਨਾ ਕਰਨ ਲੱਗੇ। ਲੋਕਾਂ ਦੇ ਤੁਲਨਾ ਕਰਨ ਤੋਂ ਪਹਿਲਾਂ, ਸੌਲ ਰਾਜਾ ਡੇਵਿਡ ਨਾਲ ਬਿਲਕੁਲ ਵੀ ਗੁੱਸੇ ਨਹੀਂ ਸੀ! ਸਗੋਂ, ਰਾਜਾ ਸੌਲ ਤਾਂ ਖੁਸ਼ ਸੀ ਕਿ ਡੇਵਿਡ ਉਸਦੇ ਲਈ ਰਬਾਬ ਵਜਾ ਰਿਹਾ ਸੀ। ਜਦੋਂ ਡੇਵਿਡ ਨੇ ਗਲਾਇਥ ਨੂੰ ਮਾਰਿਆ ਤਾਂ ਉਦੋਂ ਵੀ ਉਹ ਉਹਦਾ ਸ਼ੁਕਰਗੁਜ਼ਾਰ ਹੋਇਆ। ਸਭ ਕੁਝ ਠੀਕ ਚੱਲ ਰਿਹਾ ਸੀ ਪਰ ਜਦੋਂ ਔਰਤਾਂ ਨੇ ਤੁਲਨਾ ਦੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਤਾਂ ਸਭ ਬਦਲ ਗਿਆ। ਗਲਾਇਥ ਤੇ ਫਿਲਿਸਟਾਈਨਜ਼ ਵਿਰੁੱਧ ਲੜਾਈ ਲੜਨ ਤੋਂ ਬਾਅਦ ਫੌਜੀ ਆਦਮੀ ਵਾਪਸ ਆਪਣੇ ਘਰ ਜਾ ਰਹੇ ਸਨ, ਤੇ ਔਰਤਾਂ ਨੱਚਦੀਆਂ-ਗਾਉਂਦੀਆਂ ਬਾਹਰ ਆਈਆਂ, "ਸੌਲ ਨੇ ਹਜ਼ਾਰਾਂ ਨੂੰ ਮਾਰਿਆ, ਤੇ ਡੇਵਿਡ ਨੇ ਦਸਾਂ ਹਜ਼ਾਰਾਂ ਨੂੰ ਮਾਰਿਆ।"

ਸੌਲ ਦੇ ਦਿਲ ਵਿੱਚ ਜੋ ਨਫਰਤ ਪੈਦਾ ਹੋਈ ਉਸ ਲਈ ਆਪਾਂ ਔਰਤਾਂ ਨੂੰ ਜਿੰਮੇਵਾਰ ਨਹੀਂ ਠਹਿਰਾ ਸਕਦੇ। ਰਾਜਾ ਸੌਲ ਆਪਣੇ ਕੰਮਾਂ ਲਈ ਖੁਦ ਜਿੰਮੇਵਾਰ ਹੈ। ਪਰ, ਕਿਤੇ ਨਾ ਕਿਤੇ ਇਹ ਸਭ ਉਦੋਂ ਸ਼ੁਰੂ ਹੋਇਆ ਜਦੋਂ ਔਰਤਾਂ ਨੇ ਸਭ ਦੇ ਸਾਹਮਣੇ ਬੰਦਿਆਂ ਦੀ ਤੁਲਨਾ ਕਰਨੀ ਸ਼ੁਰੂ ਕਰ ਦਿੱਤੀ, ਤੇ ਜਦੋਂ ਡੇਵਿਡ ਨੂੰ ਰਾਜੇ ਤੋਂ ਉੱਤੇ ਰੱਖਣਾ ਸ਼ੁਰੂ ਕਰ ਦਿੱਤਾ। ਇਸ ਸਮੇਂ 'ਤੇ, ਡੇਵਿਡ ਨੇ ਰਾਜੇ ਤੋਂ ਘੱਟ ਬੰਦੇ ਮਾਰੇ ਸਨ। ਡੇਵਿਡ ਨੇ ਤਾਂ ਸਿਰਫ ਗਲਾਇਥ ਹੀ ਮਾਰੇ ਸਨ!

ਆਪਾਂ ਛੇਤੀ ਹੀ ਇੱਕ ਦੂਜੇ ਨਾਲ ਆਪਣੀ ਤੁਲਨਾ ਕਰਨ ਲੱਗ ਜਾਂਦੇ ਹਾਂ। ਪਰ, ਅਜਿਹਾ ਕਰਨਾ ਚੰਗਾ ਨਹੀਂ ਹੁੰਦਾ, ਦੂਜਿਆਂ ਨਾਲ ਇੰਝ ਨਹੀਂ ਕਰਨਾ ਚਾਹੀਦਾ, ਤੇ ਪ੍ਰਮਾਤਮਾ ਆਪਾਂ ਨੂੰ ਇੰਝ ਕਰਨ ਨੂੰ ਨਹੀਂ ਕਹਿੰਦੇ। ਪ੍ਰਮਾਤਮਾ ਚਾਹੁੰਦੇ ਹਨ ਕਿ ਆਪਾਂ ਸਿਰਫ ਖੁਦ ਵੱਲ ਹੀ ਦੇਖੀਏ,

ਤੇ ਆਪਣੇ ਆਪ ਨੂੰ ਸਿਰਫ ਪ੍ਰਮਾਤਮਾ ਦੇ ਕਹਿਣੇ ਅਨੁਸਾਰ ਹੀ ਢਾਲੀਏ। ਇੱਕ ਹੋਰ ਥਾਂ ਜਿੱਥੇ ਆਪਾਂ ਇੱਕ-ਦੂਜੇ ਨਾਲ ਆਪਣੀ ਤੁਲਨਾ ਕਰਦੇ ਹਾਂ, ਉਹ ਹੈ ਸੋਸ਼ਲ ਮੀਡੀਆ, ਜਿਵੇਂ ਕਿ ਫੇਸਬੁੱਕ। ਆਪਾਂ ਆਪਣੀਆਂ ਫੋਟੋਆਂ ਪਾਉਂਦੇ ਹਾਂ ਤੇ ਖੁਦ ਦੀ ਜ਼ਿੰਦਗੀ ਨੂੰ ਦੂਜਿਆਂ ਦੀ ਜ਼ਿੰਦਗੀ ਨਾਲ ਤੁਲਨਾ ਕਰਦੇ ਹਾਂ। ਇਸ ਤੋਂ ਵੀ ਖਰਾਬ ਉਦੋਂ ਲੱਗਦਾ ਹੈ ਜਦੋਂ ਆਪਾਂ ਸਭ ਦੇ ਸਾਹਮਣੇ ਇੱਕ ਦੀ ਦੂਜੇ ਨਾਲ ਤੁਲਨਾ ਕਰਦੇ ਹਾਂ, ਉਵੇਂ ਹੀ ਜਿਵੇਂ ਕਿ ਔਰਤਾਂ ਨੇ ਬਾਈਬਲ ਦੀ ਕਹਾਣੀ ਵਿੱਚ ਕੀਤਾ। ਆਪਾਂ ਵੱਖੋ-ਵੱਖਰੇ ਮੰਤਰਾਲਿਆਂ ਵੱਲ ਦੇਖਦੇ ਹਾਂ, ਉਨ੍ਹਾਂ ਦੀ ਤੁਲਨਾ ਕਰਦੇ ਹਾਂ, ਤੇ ਉਨ੍ਹਾਂ ਵਿਚਕਾਰ ਗੁੱਸਾ ਤੇ ਭੜਾਸ ਪੈਦਾ ਕਰਦੇ ਹਾਂ। ਜਾਂ ਜਦੋਂ ਕੋਈ ਆਪਣੀ ਚੰਗੀ ਗੱਲ ਸੁਣਾਉਂਦਾ ਹੈ, ਤਾਂ ਆਪਾਂ ਉਸ ਤੋਂ ਵੀ ਕੋਈ ਵਧੀਆ ਗੱਲ ਸੁਣਾਕੇ ਉੱਤੋਂ ਦੀ ਪੈਣ ਦੀ ਕੋਸ਼ਿਸ਼ ਕਰਦੇ ਹਾਂ। ਕੀ ਤੁਸੀਂ ਕਦੇ ਅਜਿਹੇ ਵਿਅਕਤੀ ਨੂੰ ਦੇਖਿਆ ਜਿਹੜਾ ਚੰਗੀ ਪਾਰਟੀ ਦੇਵੇ, ਤੇ ਫਿਰ ਦੂਜੇ ਬੰਦੇ ਨੂੰ ਉਸ ਤੋਂ ਵੀ ਵਧੀਆ ਪਾਰਟੀ ਦੇਣੀ ਪਵੇ? ਅਜਿਹੇ ਤਰੀਕੇ ਨਾਲ ਤੁਲਨਾ ਨਾ ਕਰੋ, ਸਗੋਂ ਬਿਨਾਂ ਈਰਖਾ ਕਰੇ ਅੰਤਰ ਤੇ ਸਮਾਨਤਾਵਾਂ ਦੇਖੋ।


## ਯਾਦਦਾਸ਼ਤ ਤੁਕ ਖੇਡ

**ਵਰਣਮਾਲਾ ਸਕ੍ਰੈਬਲ**

ਕਲਾਸ ਨੂੰ ਦੋ ਜਾਂ ਤਿੰਨ ਗਰੁੱਪਾਂ 'ਚ ਵੰਡੋ, ਤੇ ਹਰੇਕ ਗਰੁੱਪ ਨੂੰ ਅਨਾਜ ਜਾਂ ਪਾਸਤੇ ਦਾ ਇੱਕ-ਇੱਕ ਅੱਖਰ ਵਾਲਾ ਕੱਪ ਦੇ ਦਿਓ। ਵਿਦਿਆਰਥੀਆਂ ਨੂੰ ਕਹੋ ਕਿ ਉਹ ਅੱਖਰਾਂ ਦੀ ਵਰਤੋਂ ਕਰਕੇ ਯਾਦਦਾਸ਼ਤ ਤੁਕ ਦੇ ਸ਼ਬਦ ਬਣਾਉਣ। ਜਿਹੜਾ ਗਰੁੱਪ ਸਭ ਤੋਂ ਵੱਧ ਸ਼ਬਦ ਬਣਾਏਗਾ, ਉਹ ਜਿੱਤੇਗਾ।




## ਪਜ਼ਲ ਦੇ ਉੱਤਰ





| | | | | | | | | | | |
|---|---|---|---|---|---|---|---|---|---|---|
| ਰ | ਲੂ | ਲੋ | ਕ | ਨਾ | ਡੇ | ਕ੍ਰੈ | ਨਾ | ਦੂ | ਲ | ਸੌ |
| ਹੇ | ਫਿ | ਨਾ | ਦਿ | ਤਾਂ | ਵਿ | ਵਾਂ | ਲੂ | ਹੇ | ਖ਼ੀ | ਅ |
| ਖ਼ੀ | ਪੈ | ਆ | ਦੂ | ਡੇ | ਡ | ਨਾ | ਗ | ਖਾ | ਨਾ | ਕ੍ਰੈ |
| ਡੇ | ਲ | ਹੇ | ਗ | ਲੂ | ਦੂ | ਖ਼ੀ | ਪੈ | ਤਾਂ | ਰ | ਡੇ |
| ਤਾ | ਕ੍ਰੈ | ਤਾਂ | ਖ਼ੀ | ਲੱ | ਲੂ | ਕ੍ਰੈ | ਲੂ | ਵਾਂ | ਲੂ | ਈ |
| ਨਾ | ਫਿ | ਲੂ | ਖਾ | ਪੈ | ਅ | ਡੇ | ਨਾ | ਲ | ਤੁ | ਹੇ |
| ਤਾਂ | ਡੇ | ਰ | ਸ | ਅ | ਵਾਂ | ਦੂ | ਲੂ | ਲੂ | ਡੇ | ਖ਼ੀ |
| ਦੂ | ਈ | ਹੇ | ਮਾ | ਤਾਂ | ਆ | ਲੂ | ਨਾ | ਤਾਂ | ਰ | ਔ |
| ਨਾ | ਨਾ | ਲੂ | ਨ | ਗ | ਕਿ | ਫਿ | ਨਾ | ਦੂ | ਅ | ਫਿ |
| ਕ੍ਰੈ | ਪੈ | ਸਾ | ਖ਼ੀ | ਫਿ | ਚੀ | ਨਾ | ਵਾਂ | ਤਾ | ਗ | ਯੋ |

ਦਿਆਲਤਾ ਹੋਰ ਲੋਕ ਯੋਗਤਾਵਾਂ ਪੈਸਾ ਈਰਖਾਲੂ ਡੇਵਿਡ ਸੌਲ ਔਰਤਾਂ ਚੀਕਿਆ ਈਰਖਾ ਤੁਲਨਾ ਅਲੱਗ ਸਮਾਨ

## ਪ੍ਰਸ਼ਨ ਅਤੇ ਉੱਤਰ




**1. ਤੁਸੀਂ ਆਮ ਤੌਰ 'ਤੇ ਆਪਣੀ ਤੁਲਨਾ ਕਿਸ ਨਾਲ ਕਰਦੇ ਹੋ? ਤੁਹਾਨੂੰ ਕਿਵੇਂ ਮਹਿਸੂਸ ਹੁੰਦਾ ਹੈ?**

ਆਪਣੇ ਵਿਦਿਆਰਥੀਆਂ ਨੂੰ ਕੁਝ ਸਮਾਂ ਦਿਓ ਤਾਂ ਜੋ ਉਹ ਖੁੱਲ੍ਹ ਕੇ ਤੁਲਨਾ ਬਾਰੇ ਬੋਲ ਸਕਣ। ਉਨ੍ਹਾਂ ਨੂੰ ਇਹ ਨਾ ਕਹੋ ਕਿ ਉਨ੍ਹਾਂ ਨੂੰ ਤੁਲਨਾ ਨਹੀਂ ਕਰਨੀ ਚਾਹੀਦੀ, ਸਗੋਂ ਉਨ੍ਹਾਂ ਦੀ ਗੱਲਬਾਤ ਨੂੰ ਭਾਵਨਾ 'ਚ ਬਦਲਣ ਦੀ ਕੋਸ਼ਿਸ਼ ਕਰੋ। ਜਿਵੇਂ ਕਿ ਉਹ ਦੱਸਦੇ ਨੇ ਕਿ ਤੁਲਨਾ ਕਰਨਾ ਕਿੰਨਾ ਦੁੱਖਦਾਈ ਹੁੰਦਾ ਹੈ, ਉਹ ਭਵਿੱਖ 'ਚ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣਗੇ।

**ਫੇਸਬੁੱਕ ਜਾਂ ਹੋਰ ਸੋਸ਼ਲ ਮੀਡੀਆ ਉੱਪਰ ਤੁਸੀਂ ਆਪਣੇ ਦੋਸਤਾਂ ਨਾਲ ਤੁਲਨਾ ਕਿਹੜੇ ਢੰਗਾਂ ਨਾਲ ਕਰਦੇ ਹੋ?**

ਆਪਣੇ ਵਿਦਿਆਰਥੀਆਂ ਨੂੰ ਕਹੋ ਕਿ ਉਹ ਲੋਕਾਂ ਦੀਆਂ ਛੁੱਟੀਆਂ ਮਨਾਉਣ ਗਿਆਂ ਦੀਆਂ ਫੋਟੋਆਂ ਬਾਰੇ ਗੱਲਾਂ ਕਰਨ, ਉਨ੍ਹਾਂ ਦੀਆਂ ਪਿਆਰੀਆਂ ਸੈਲਫੀਆਂ ਬਾਰੇ ਗੱਲ ਕਰਨ, ਉਨ੍ਹਾਂ ਨੂੰ ਕਿੰਨੇ ਲਾਈਕ ਮਿਲੇ ਨੇ ਜਾਂ ਉਨ੍ਹਾਂ ਦੇ ਕਿੰਨੇ ਦੋਸਤ ਔਨਲਾਈਨ ਨੇ। ਇਹ ਵਿਚਾਰੋ ਕਿ ਤੁਲਨਾ ਕਰਨਾ ਕਿੰਨਾ ਦੁੱਖਦਾਈ ਹੁੰਦਾ ਹੈ, ਤੇ ਕਿਵੇਂ ਫੇਸਬੁੱਕ ਆਪਾਂ ਨੂੰ ਆਪਣੀ ਅਸਲੀ ਜ਼ਿੰਦਗੀ ਨਹੀਂ ਦਿਖਾ ਪਾਉਂਦਾ।

**3. ਕੀ ਤੁਹਾਡੇ ਭਾਈਚਾਰੇ ਦੇ ਲੋਕ ਦੂਜਿਆਂ ਨਾਲੋਂ ਵੱਡੀਆਂ ਤੇ ਬਿਹਤਰ ਪਾਰਟੀਆਂ ਕਰਨ ਦੀ ਕੋਸ਼ਿਸ਼ ਕਰਦੇ ਨੇ? ਕਿਹੜੇ ਤਰੀਕੇ? ਤੁਹਾਡੇ ਭਾਈਚਾਰੇ 'ਚ ਲੋਕ ਅਜਿਹਾ ਕਿੰਨ੍ਹਾ ਕੁ ਕਰਦੇ ਨੇ?**

ਲੋਕ ਇਨ੍ਹਾਂ-ਇਨ੍ਹਾਂ ਚੀਜ਼ਾਂ ਦੀ ਤੁਲਨਾ ਕਰਦੇ ਨੇ, ਜਿਵੇਂ ਕਿ ਖਾਣਾ ਕਿਹੋ ਜਿਹਾ ਦਿੱਤਾ, ਕਿੰਨਾ ਦਿੱਤਾ, ਪਾਰਟੀ 'ਚ ਕੀ-ਕੀ ਹੋਇਆ, ਸਜਾਵਟਾਂ, ਸੰਗੀਤ ਵੀ ਦੇਖਿਆ ਜਾਂਦਾ ਕਿ ਲਾਈਵ ਬੈਂਡ ਹੈ ਜਾਂ ਫਿਰ ਸਿਰਫ ਡੀਜੇ ਨੇ, ਕਿਹੜੀ ਜਗ੍ਹਾ 'ਤੇ ਪਾਰਟੀ ਰੱਖੀ ਹੈ, ਕਿੰਨੇ ਸਮੇਂ ਲਈ ਰੱਖੀ ਹੈ, ਤੋਹਫੇ ਕਿਹੜੇ ਦਿੱਤੇ ਨੇ, ਸੋਹਣੇ ਲੋਕ ਹੋ ਗਏ ਤੇ ਕਿਹੜੇ-ਕਿਹੜੇ ਲੋਕ ਪਾਰਟੀ 'ਚ ਸ਼ਾਮਲ ਹੋਏ। ਇਸ ਚੀਜ਼ 'ਤੇ ਵਿਚਾਰ ਕਰੋ ਕਿ ਤੁਲਨਾ ਕਰਨਾ ਕਿੰਨੀ ਗ਼ਲਤ ਗੱਲ ਹੈ।

## ਅਖਾੜੇ ਦੇ ਵਿੱਚ 6

ਹਫ਼ਤੇ ਦੀ ਸ਼ੁਰੂਆਤ 'ਚ ਆਪਣੇ-ਆਪ ਨੂੰ 20 ਛੋਟੀਆਂ-ਛੋਟੀਆਂ ਗੇਂਦਾਂ ਦਿਓ। ਜਦੋਂ ਕਦੇ ਵੀ ਤੁਹਾਨੂੰ ਲੱਗੇ ਕਿ ਤੁਸੀਂ ਆਪਣੇ ਆਪ ਦੀ ਤੁਲਨਾ ਦੂਜਿਆਂ ਨਾਲ ਕਰ ਰਹੇ ਹੋ, ਤਾਂ ਇੱਕ ਗੇਂਦ ਆਪਣੇ ਤੋਂ ਪਰ੍ਹਾਂ ਕਰ ਦਿਓ। ਜਿੱਥੇ ਵੀ ਤੁਹਾਨੂੰ ਲੱਗੇ ਕਿ ਤੁਸੀਂ ਖੁਦ ਦੀ ਤੁਲਨਾ ਦੂਜਿਆਂ ਨਾਲ ਕਰ ਰਹੇ ਹੋ, ਚਾਹੇ ਫੇਸਬੁੱਕ ਜਾਂ ਹੋਰ ਔਨਲਾਈਨ ਐਪਾਂ ਤੋਂ ਦੂਰ ਹੋਣਾ ਹੀ ਕਿਉਂ ਨਾ ਹੋਵੇ।  ਜੇ ਲੋੜ ਪਵੇ, ਤਾਂ ਪੂਰੇ ਹਫਤੇ ਲਈ ਫੇਸਬੁੱਕ ਤੋਂ ਦੂਰ ਜੋ ਜਾਵੋ।



# 7. ਦਿਆਲਤਾ ਜਾਂ ਧੋਖਾਧੜੀ

**ਬਾਈਬਲ ਦੀ ਕਹਾਣੀ: ਪੀਟਰ ਈਸਾ ਮਸੀਹ ਨੂੰ ਮਨ੍ਹਾ ਕਰਦਾ ਹੈ**

**ਮੈਥਿਊ 26:31-35, 69-75**


## ਨਾਟਕ 7

ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡ ਦੋਨੋਂ ਗਲਤੀ ਨਾਲ ਆਪਣੇ-ਆਪਣੇ ਘਰਾਂ ਦੇ ਲੈਂਪ ਤੋੜ ਬੈਠਦੇ ਨੇ ਤੇ ਉਸ ਸਮੇਂ ਉਨ੍ਹਾਂ ਦੇ ਕੋਈ ਨੇੜੇ-ਤੇੜੇ ਵੀ ਨਹੀਂ ਹੁੰਦਾ। ਫ੍ਰੈਡ ਲੈਂਪ ਦੇ ਟੁੱਟੇ ਹੋਏ ਟੁਕੜਿਆਂ ਨੂੰ ਲੁਕੋ ਦਿੰਦਾ ਹੈ ਤੇ ਜਦੋਂ ਉਹਦਾ ਪਿਓ ਲੈਂਪ ਬਾਰੇ ਪੁੱਛਦਾ, ਤਾਂ ਉਹ ਕਹਿੰਦਾ ਕਿ ਉਹਨੂੰ ਕੁਝ ਨਹੀਂ ਪਤਾ। ਪਰ ਜਦੋਂ ਵਿਲੀ ਦਾ ਪਿਓ ਘਰੇ ਪਹੁੰਚਦਾ ਤਾਂ ਉਹ ਉਸਨੂੰ ਸਾਫ-ਸਾਫ ਦੱਸ ਦਿੰਦਾ।

## ਯਾਦਦਾਸ਼ਤ ਤੁਕ 7

"ਮੈਂ ਨਿਕੰਮਿਆਂ ਦੇ ਸੰਗ ਨਹੀਂ ਬੈਠਾ ਹਾਂ, ਨਾ ਮੈਂ ਕਪਟੀਆਂ ਦੇ ਨਾਲ ਅੰਦਰ ਜਾਵਾਂਗਾ।" ਜ਼ਬੂਰਾਂ ਦੀ ਪੋਥੀ 26:4

## ਮੁੱਖ ਪਾਠ 7




ਇਸ ਹਫਤੇ ਆਪਣੀ ਮੈਚ ਫਾਈਟ ਧੋਖਾਧੜੀ ਦੇ ਖਿਲਾਫ ਹੈ, ਇਹ ਇੱਕ ਅਜਿਹਾ ਪਾਪ ਹੈ ਜਿਸ 'ਚ ਆਪਾਂ ਸੱਚਾਈ ਲੁਕਾਉਂਦੇ ਹਾਂ। ਭਜਨ 101:7 ਪ੍ਰਮਾਤਮਾ ਬਾਰੇ ਗੱਲ ਕਰਦੇ ਹੋਏ ਕਹਿੰਦੇ ਨੇ, "ਜੋ ਵੀ ਕੋਈ ਧੋਖਾਧੜੀ ਕਰਦਾ ਹੈ ਉਹ ਮੇਰੇ ਘਰ ਨਹੀਂ ਵਸੇਗਾ; ਜੋ ਕੋਈ ਵੀ ਝੂਠ ਬੋਲਦਾ ਹੈ ਉਹ ਮੇਰੀ ਹਾਜ਼ਰੀ 'ਚ ਖੜ੍ਹਾ ਨਹੀਂ ਰਹੇਗਾ। "ਜੇ ਤੁਸੀਂ ਧੋਖਾਧੜੀ ਸ਼ਬਦ ਬਾਰੇ ਜਾਣੋਂ, ਤਾਂ ਤੁਸੀਂ ਦੇਖੋਗੇ ਕਿ ਇਹ ਸ਼ਬਦ ਬਾਈਬਲ ਵਿੱਚ ਕਈ ਵਾਰ ਵਰਤਿਆ ਗਿਆ ਹੈ। ਪ੍ਰਮਾਤਮਾ ਨੂੰ ਸੱਚਮੁੱਚ ਹੀ ਇਹ ਸਭ-ਕੁਝ ਪਸੰਦ ਨਹੀਂ। ਪਰ ਕਿਉਂ? ਸਮੇਂ-ਸਮੇਂ 'ਤੇ ਆਪਾਂ ਸਭ ਝੂਠ ਬੋਲਦੇ ਹਾਂ। ਜਿਵੇਂ ਕਿ, ਜਦੋਂ ਆਪਾਂ ਕਿਸੇ ਨੂੰ ਦੱਸਾਂਗੇ ਕਿ ਉਹਦਾ ਮੁੰਡਾ ਜਾਂ ਕੁੜੀ ਬੜੇ ਸੋਹਣੇ ਨੇ, ਪਰ ਅੰਦਰੋਂ ਜਦੋਂ ਆਪਾਂ ਇਹ ਸੋਚ ਰਹੇ ਹੋਈਏ ਕਿ ਉਹ ਬੜੇ ਗੰਦੇ ਨੇ! ਆਪਾਂ ਸਭ ਜਾਣਦੇ ਹਾਂ ਕਿ ਜੇ ਆਪਾਂ ਪੂਰਾ ਸੱਚ ਨਾ ਵੀ ਦੱਸੀਏ ਤਾਂ ਵੀ ਐਨੀ ਕੋਈ ਵੱਡੀ ਗੱਲ ਨਹੀਂ ਹੁੰਦੀ। ਤਾਂ ਫਿਰ ਧੋਖਾਧੜੀ ਪ੍ਰਮਾਤਮਾ ਨੂੰ ਇਨੀ ਬੁਰੀ ਕਿਉਂ ਲੱਗਦੀ ਹੈ? ਡੇਵਿਡ ਕਹਿੰਦੇ ਨੇ, "ਮੈਂ ਧੋਖੇਬਾਜ਼ ਇਨਸਾਨਾਂ ਨਾਲ ਨਹੀਂ ਬਹਿੰਦਾ, ਤੇ ਨਾ ਹੀ ਪਖੰਡੀਆਂ ਨਾਲ ਮੇਲ-ਜੋਲ ਵਧਾਉਂਦਾ ਹਾਂ।" ਇਥੇ ਡੇਵਿਡ ਧੋਖੇਬਾਜ਼ ਇਨਸਾਨ ਦੀ ਤੁਲਨਾ ਇੱਕ ਪਖੰਡੀ ਨਾਲ ਕਰ ਰਿਹਾ ਹੈ! ਸ਼ਾਇਦ ਇਹਦੇ ਨਾਲ ਆਪਾਂ ਨੂੰ ਸਮਝ ਲੱਗੇਗੀ ਕਿ ਪ੍ਰਮਾਤਮਾ ਧੋਖਾਧੜੀ ਨੂੰ ਕਿੰਨਾ ਨਫਰਤ ਕਰਦੇ ਨੇ, ਕਿਉਂਕਿ ਆਪਾਂ ਸਭ ਨੂੰ ਪਖੰਡੀਆਂ ਦੇ ਤੌਰ-ਤਰੀਕੇ ਪਸੰਦ ਨਹੀਂ ਆਉਂਦੇ।

ਮੈਂ ਇੱਕ ਮਸ਼ਹੂਰ ਪ੍ਰਚਾਰਕ ਨੂੰ ਸਾਲਾਂ ਤੱਕ ਮੰਨਿਆ, ਜਿਨ੍ਹਾਂ ਨੇ ਲਗਾਤਾਰ ਇਮਾਨਦਾਰੀ ਬਾਰੇ ਸਿੱਖਿਆ ਦਿੱਤੀ। ਫਿਰ ਇੱਕ ਦਿਨ ਮੈਨੂੰ ਪਤਾ ਲੱਗਿਆ ਕਿ ਉਹ ਹਰ ਸਮੇਂ ਜਵਾਨ ਕੁੜੀਆਂ ਨੂੰ ਤੰਗ ਕਰਦੇ ਰਹੇ ਸਨ। ਜਿਹੜਾ ਗੁੱਸੇ ਦਾ ਉਬਾਲਾ ਮੇਰੇ ਦਿਲਵਿੱਚੋਂ ਉੱਠਿਆ ਉਹ ਦੇਖਣ ਵਾਲਾ ਸੀ! ਹੁਣ ਤੱਕ ਉਸਨੇ ਜੋ ਵੀ ਸਿੱਖਿਆ ਮੈਨੂੰ ਦਿੱਤੀ ਸੀ, ਉਹ ਮੈਂ ਕੂੜੇ ਵਿੱਚ ਸੁੱਟਣਾ ਚਾਹੁੰਦਾ ਸੀ। ਇਸ ਪ੍ਰਚਾਰਕ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਮੈਂ ਕੌਣ ਹਾਂ, ਪਰ ਉਸਨੇ ਮੇਰੇ ਨਾਲ ਚੰਗਾ ਨਹੀਂ ਕੀਤਾ। ਉਸਨੇ ਮੇਰੇ ਨਾਲ ਧੋਖਾਧੜੀ ਕੀਤੀ।

ਇਸ ਹਫ਼ਤੇ ਦੀ ਬਾਈਬਲ ਦੀ ਕਹਾਣੀ ਪੀਟਰ 'ਤੇ ਹੈ ਜੋ ਕਿ ਇੱਕ ਧਰਮ ਪ੍ਰਚਾਰਕ ਹੈ। ਉਹਨੇ ਇੱਕ ਦਿਨ ਕੋਈ ਗਲਤੀ ਕਰ ਦਿੱਤੀ ਜਿਸ ਨਾਲ ਉਹ ਵੀ ਪਖੰਡੀ ਦਿਖਾਈ ਦਿੱਤਾ। ਚੰਗੀ ਗੱਲ ਇਹ ਹੈ ਕਿ ਪੀਟਰ ਨੇ ਆਪਣੇ ਕੀਤੇ ਪਾਪ ਦੀ ਤੌਬਾ ਕੀਤੀ, ਤੇ ਈਸਾ ਮਸੀਹ ਨੇ ਉਸਨੂੰ ਮਾਫ ਕਰ ਦਿੱਤਾ। ਜੇ ਤੁਸੀਂ ਜਾਂ ਮੈਂ ਧੋਖੇਬਾਜ਼ ਨਿੱਕਲਦੇ ਹੋ ਤੇ ਫੜ੍ਹੇ ਜਾਂਦੇ ਹੋ, ਤਾਂ ਆਪਾਂ ਨੂੰ ਵੀ ਮੁਆਫ਼ੀ ਮਿਲ ਸਕਦੀ ਹੈ। ਬਦਕਿਸਮਤੀ

ਨਾਲ, ਜਿਹੜੇ ਪ੍ਰਚਾਰਕ ਦੀ ਮੈਂ ਗੱਲ ਕੀਤੀ ਹੈ, ਉਸਨੇ ਤੌਬਾ ਨਹੀਂ ਕੀਤੀ, ਉਸਨੇ ਆਪਣੇ ਕੀਤੇਪਾਪਾਂ ਨੂੰ ਨਹੀਂ ਮੰਨਿਆ, ਤੇ ਉਹ ਇੰਝ ਹੀ ਪ੍ਰਚਾਰ ਕਰਨਾ ਜ਼ਾਰੀ ਰੱਖਦਾ ਹੈ ਜਿਵੇਂ ਉਸਨੇ ਕੁਝ ਗ਼ਲਤ ਕੀਤਾ ਹੀ ਨਹੀਂ ਹੁੰਦਾ।


ਬਾਈਬਲ ਦੀ ਕਹਾਣੀ ਵਿੱਚ, ਇੱਕ ਦਿਨ ਜਦੋਂ ਈਸਾ ਮਸੀਹ ਤੇ ਉਹਦੇ ਚੇਲੇ ਪਾਸਓਵਰ ਭੋਜਨ ਕਰ ਰਹੇ ਸਨ, ਤਾਂ ਈਸਾ ਮਸੀਹ ਨੇ ਉਨ੍ਹਾਂ ਨੂੰ ਦੱਸਿਆ ਕਿ ਇੱਕ ਦਿਨ ਉਹ ਸਭ ਉਸਨੂੰ ਛੱਡ ਜਾਣਗੇ। ਪਰ, ਪੀਟਰ ਕਹਿਣ ਲੱਗਿਆ, "ਭਾਵੇਂ ਸਭ ਛੱਡਕੇ ਚਲੇ ਜਾਣ, ਪਰ ਮੈਂ ਛੱਡਕੇ ਨਹੀਂ ਜਾਂਦਾ।" ਈਸਾ ਮਸੀਹ ਫਿਰ ਭਵਿੱਖਬਾਣੀ ਕਰਦੇ ਹਨ ਕਿ ਉਸੇ ਰਾਤ ਕੁੱਕੜ ਦੇ ਬਾਂਗ ਦੇਣ ਤੋਂ ਪਹਿਲਾਂ-ਪਹਿਲਾਂ ਪੀਟਰ ਤਿੰਨ ਵਾਰ ਉਸਦੀ ਗੱਲ ਮੋੜੇਗਾ। ਪੀਟਰ ਨੂੰ ਇਹ ਸੁਣਕੇ ਬਹੁਤ ਡਰ ਲੱਗਿਆ ਹੋਣਾ, ਪਰ ਉਹ ਅੰਦਰੋਂ ਪੱਕਾ ਸੀ ਕਿ ਅਜਿਹਾ ਕੁਝ ਨਹੀਂ ਹੋਣ ਵਾਲਾ।

ਪਰ, ਈਸਾ ਮਸੀਹ ਸਹੀ ਸਨ। ਉਸੇ ਰਾਤ ਪੀਟਰ ਨੇ 3 ਵਾਰ ਈਸਾ ਮਸੀਹ ਦੀ ਗੱਲ ਠੁਕਰਾਈ। ਉਹ ਇੰਝ ਦਿਖਾਉਣ ਲੱਗਾ ਕਿ ਉਹ ਤਾਂ ਈਸਾ ਮਸੀਹ ਨੂੰ ਜਾਣਦਾ ਹੀ ਨਹੀਂ ਹੈ, ਨਾਲ ਹੀ ਉਹ ਸੌਂਹ ਖਾਕੇ ਬੋਲਿਆ ਕਿ ਉਹ ਤਾਂ ਉਸਨੂੰ ਕਦੇ ਮਿਲਿਆ ਵੀ ਨਹੀਂ। ਉਸ ਵੇਲੇ, ਕੁੱਕੜ ਬਾਂਗ ਦਿੰਦਾ ਹੈ। ਈਸਾ ਮਸੀਹ ਦਾ ਇੱਕ ਵੱਡਾ ਚੇਲਾ ਉਥੇ ਖੜ੍ਹਾ ਹੋ ਜਾਂਦਾ ਤੇ ਸਾਰਿਆਂ ਨੂੰ ਕਹਿੰਦਾ ਕਿ ਉਸਦੀ ਈਸਾ ਮਸੀਹ ਨਾਲ ਕੋਈ ਦੋਸਤੀ ਨਹੀਂ ਹੈ। ਇਸ ਨਾਲ ਪੱਕਾ ਈਸਾ ਮਸੀਹ ਦਾ ਦਿਲ ਟੁੱਟਿਆ ਹੋਣਾ। ਸਾਡੀ ਧੋਖਾਧੜੀ ਨਾਲ ਪ੍ਰਮਾਤਮਾ ਦਾ ਦਿਲ ਵੀ ਟੁੱਟ ਸਕਦਾ ਹੈ। ਪਰ ਜੇਕਰ ਆਪਾਂ ਆਪਣੀ ਗਲਤੀ ਨੂੰ ਮੰਨ ਲੈਂਦੇ ਹਾਂ, ਤੌਬਾ ਕਰਦੇ ਹਾਂ ਤੇ ਬਦਲ ਜਾਂਦੇ ਹਾਂ ਤਾਂ ਆਪਾਂ ਨੂੰ ਪ੍ਰਮਾਤਮਾ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ।


## ਯਾਦਦਾਸ਼ਤ ਤੁਕ ਖੇਡ 7

**ਤਸਵੀਰ ਬਣਾਓ**

ਬੱਚਿਆਂ ਨੂੰ ਕਹੋ ਕਿ ਉਹ ਯਾਦਦਾਸ਼ਤ ਤੁਕ ਦੇ ਸ਼ਬਦਾਂ ਦੀਆਂ ਤਸਵੀਰਾਂ ਬਣਾਕੇ ਤੁਕ ਦੱਸਣ।



## ਪਜ਼ਲ ਦੇ ਉੱਤਰ 7





| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਖ਼ੀ | ਲ | ੜਾ | ਈ | ਖਾ | ਫਿ | ਈ | ਸਾ | ਮ | ਸੀ | ਹ | ਕ੍ਰੈ | ਪਾ | ਮੁ | ਆ | ਫ਼ੀ | ਫਿ |
| ਪਾ | ਨਾ | ਫਿ | ਨਾ | ਉ | ਦੂ | ਖਾ | ਡੀ | ਮੁ | ਖ਼ੀ | ਵ | ਨਾ | ਖਾ | ਖ਼ੀ | ਦੂ | ਪ੍ਰ | ਕ੍ਰੈ |
| ਪ | ਦਾ | ਖਾ | ਵ | ਖ਼ੀ | ਦਾ | ਵ | ਮੁ | ਰ | ਜ਼ੂ | ਮੰ | ਨਾ | ਅ | ਭ | ਚਾ | ਵ | ਰੀ |
| ਦੂ | ਲੁ | ਕਾ | ਉ | ਣਾ | ਭ | ਈ | ਅ | ਰ | ਈ | ਕ੍ਰੈ | ਭ | ਈ | ਰ | ਉ | ਖਾ | ਦਾ |
| ਡੀ | ਵ | ਮੁ | ਸੱ | ਲ | ਕ੍ਰੈ | ਲਾ | ਪਾ | ਵ | ਟ | ਮੁ | ਦਾ | ਕ | ਡੀ | ਖ਼ੀ | ਫਿ | ਨ |
| ਫਿ | ਖਾ | ਖ਼ੀ | ਦੂ | ਚਾ | ਨਾ | ਡੀ | ਦੂ | ਖਾ | ਮੁ | ਪੀ | ਦਾ | ਨਾ | ਦੂ | ਖਾ | ਕ੍ਰੈ | ਮਾ |
| ਧੋ | ਪਾ | ਤੌ | ਬਾ | ਦਾ | ਈ | ਅ | ਸਿੱ | ਖਿ | ਆ | ਵਾਂ | ਫਿ | ਡੀ | ਖੰ | ਪ | ਅ | ਇ |

ਲੜਾਈ ਪਾਪ ਧੋਖਾ ਲੁਕਾਉਣਾ ਸੱਚਾਈ ਇਮਾਨਦਾਰੀ ਪਖੰਡੀ ਪ੍ਰਚਾਰਕ ਲਾਈਵ ਸਿੱਖਿਆਵਾਂ ਪੀਟਰ ਨਾਮੰਜ਼ੂਰ ਈਸਾ ਮਸੀਹ ਮੁਆਫ਼ੀ ਤੌਬਾ

## ਪ੍ਰਸ਼ਨ ਅਤੇ ਉੱਤਰ 7




**1. ਪਖੰਡੀ ਕਿਵੇਂ ਬਣਦਾ ਹੈ?**

ਆਪਣੇ ਵਿਦਿਆਰਥੀਆਂ ਨਾਲ ਇਸ ਗੱਲ 'ਤੇ ਚਰਚਾ ਕਰੋ ਕਿ ਪਖੰਡੀ ਕਹਿੰਦਾ ਕੁਝ ਹੈ ਪਰ ਜਿਉਂਦਾ ਹੋਰ ਹਿਸਾਬ ਨਾਲ ਹੈ। ਸਭ ਤੋਂ ਭੈੜੇ ਪਖੰਡੀ ਉਹ ਹੁੰਦੇ ਨੇ ਜੋ ਪੂਰੇ ਜਨੂੰਨ ਨਾਲ ਅਜਿਹੀ ਚੀਜ਼ ਸਿਖਾਉਂਦੇ ਨੇ ਜਾਂ ਅਜਿਹੀ ਚੀਜ਼ ਦਾ ਪ੍ਰਚਾਰ ਕਰਦੇ ਨੇ ਜੋ ਉਹ ਖੁਦ ਨਹੀਂ ਜਿਉਣਾ ਚਾਹੁੰਦੇ ਹੁੰਦੇ।

**2. ਕੀ ਕਦੇ ਕਿਸੇ ਚਰਚ ਘੋਟਾਲੇ ਤੋਂ ਤੁਹਾਨੂੰ ਪਰੇਸ਼ਾਨੀ ਹੋਈ ਹੈ? ਕਿਹੜੇ ਤੋਂ?**

ਆਪਾਂ ਸਭ ਮਨੁੱਖ ਹਾਂ ਤੇ ਗਲਤੀਆਂ ਕਰਦੇ ਹਾਂ। ਇਹ ਜਰੂਰੀ ਹੈ ਕਿ ਆਪਾਂ ਆਪਣਾ ਵਿਸ਼ਵਾਸ ਕਿਸੇ ਮਸ਼ਹੂਰ ਪ੍ਰਚਾਰਕ ਦੇ ਹੱਥ 'ਚ ਨਾ ਸੌਂਪ ਕੇ ਸਗੋਂ ਪ੍ਰਮਾਤਮਾ ਈਸਾ ਮਸੀਹ ਦੇ ਹੱਥ ਸੌਂਪੀਏ। ਗੱਲ ਇਸ ਬੰਦੇ ਨੂੰ "ਕੋਸਣ" ਦੀ ਨਹੀਂ ਹੈ, ਸਗੋਂ ਬਾਈਬਲ ਦੁਆਰਾ ਕਹੀ ਗੱਲ 'ਤੇ ਚਰਚਾ ਕਰੋ ਕਿ ਕਿਸੇ ਗੱਲ ਨੂੰ ਸਿਖਾਉਣਾ ਜਾਂ ਪ੍ਰਚਾਰ ਕਰਨਾ ਤਾਂ ਕਿੰਨਾ ਸੌਖਾ ਹੈ ਪਰ ਉਸਨੂੰ ਜਿਉਣਾ ਕਿੰਨਾ ਮੁਸ਼ਕਿਲ ਹੈ।

**3. ਸੱਚਾਈ ਨੂੰ ਲੁਕਾਉਣਾ ਕਦੋਂ ਸਹੀ ਹੁੰਦਾ?**

ਆਪਣੇ ਵਿਦਿਆਰਥੀਆਂ ਨਾਲ ਵੱਖ-ਵੱਖ ਸਮਿਆਂ ਬਾਰੇ ਗੱਲ ਕਰੋ ਕਿ ਕਦੋਂ ਧੋਖਾਧੜੀ ਕਰਨੀ ਸਹੀ ਹੋ ਸਕਦੀ ਹੈ। ਜੇ ਕੋਈ ਤੁਹਾਨੂੰ ਪੁੱਛੇ ਕਿ ਕੀ ਉਹ ਗੰਦੇ ਦਿਖਦੇ ਹਨ ਤਾਂ ਤੁਸੀਂ ਕੀ ਕਹੋਗੇ? ਹਾਂ ਕਹਿਣਾ ਤਾਂ ਕੋਈ ਚੰਗਾ ਨਹੀਂ ਲੱਗੇਗਾ। ਨਾਲ ਹੀ, ਜੇ ਕੋਈ ਤੁਹਾਨੂੰ ਕਹੇ ਕਿ ਤੁਸੀਂ ਉਨ੍ਹਾਂ ਦਾ ਕੋਈ ਰਾਜ ਆਪਣੇ ਕੋਲ ਲੁਕੋ ਕੇ ਰੱਖੋ ਤਾਂ ਤੁਸੀਂ ਕੀ ਕਰੋਗੇ? ਕੀ ਦੂਜਿਆਂ ਕੋਲੋਂ ਝੂਠ ਬੋਲਣਾ ਸਹੀ ਹੈ ਤੇ ਦੂਜਿਆਂ ਸਾਹਮਣੇ ਇੰਝ ਦਿਖਾਵਾ ਕਰਨਾ ਕਿ ਤੁਹਾਨੂੰ ਤਾਂ ਕੁਝ ਪਤਾ ਹੀ ਨਹੀਂ, ਕੀ ਇਹ ਸਹੀ ਹੈ?

## ਅਖਾੜੇ ਦੇ ਵਿੱਚ 7

ਇਸ ਹਫਤੇ, ਜਿਸਨੂੰ ਵੀ ਤੁਸੀਂ ਝੂਠ ਬੋਲਿਆ, ਉਨ੍ਹਾਂ ਕੋਲ ਜਾਓ ਤੇ ਸੱਚਾਈ ਦੱਸੋ। ਝੂਠ ਬੋਲਣ ਲਈ ਮੁਆਫ਼ੀ ਮੰਗੋ, ਤੇ ਉਨ੍ਹਾਂ ਨੂੰ ਕਹੋ ਕਿ ਉਹ ਤੁਹਾਨੂੰ ਮੁਆਫ਼ ਕਰ ਦੇਣ। ਹਰੇਕ ਵਾਰ ਜਦੋਂ ਤੁਸੀਂ ਸੱਚਾਈ ਦੱਸਕੇ ਮੁੜੋਗੇ ਤਾਂ ਤੁਹਾਨੂੰ ਇੰਝ ਲੱਗੇਗਾ ਕਿ ਇੱਕ ਬੁਰਾਈ ਖਿਲਾਫ ਜੰਗ ਜਿੱਤਕੇ ਆਏ ਹੋ।

# 8. ਦਿਆਲਤਾ ਜਾਂ ਵਖਰੇਵਾਂ

**ਬਾਈਬਲ ਦੀ ਕਹਾਣੀ: ਰਥ ਤੇ ਨੇਓਮੀ**

**ਰਥ 1:8-22**


## ਨਾਟਕ 8

ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡ ਸੈਰ ਕਰਨ ਬਾਹਰ ਜਾਂਦੇ ਨੇ ਤੇ ਕਿਸੇ ਸਾਈਕਲ ਸਵਾਰ ਨੂੰ ਦੇਖਦੇ ਨੇ ਜਿਸਨੇ ਕਾਫੀ ਭਾਰ ਲੱਦਿਆ ਹੋਇਆ ਹੈ। ਫ੍ਰੈਡ ਕਹਿੰਦਾ ਇਹ ਕੋਈ ਉਹਦੀ ਸਮੱਸਿਆ ਨੀ ਤੇ ਇਹ ਕਹਿਕੇ ਉਹ ਤੁਰ ਜਾਂਦਾ। ਵਿਲੀ ਰੁਕ ਜਾਂਦਾ ਹੈ ਤੇ ਬਾਈਕ ਨੂੰ ਧੱਕਾ ਲਾਉਣ 'ਚ ਮਦਦ ਕਰਦਾ ਹੈ।

## ਯਾਦਦਾਸ਼ਤ ਤੁਕ 8

"ਜੇ ਤੇਰੇ ਹੱਥ ਵੱਸ ਹੋਵੇ, ਤਾਂ ਜਿਨ੍ਹਾਂ ਦਾ ਹੱਕ ਹੈ ਉਨ੍ਹਾਂ ਦਾ ਭਲਾ ਕਰਨੋਂ ਨਾ ਰੁੱਕੀਂ ।।" ਕਹਾਉਤਾਂ 3:27

## ਮੁੱਖ ਪਾਠ 8




ਇਸ ਹਫਤੇ ਆਪਾਂ ਵਖਰੇਵੇਂ ਤੇ ਦਿਆਲਤਾ ਬਾਰੇ ਦੇਖਾਂਗੇ। ਵਖਰੇਵੇਂ ਤੋਂ ਭਾਵ ਇਹ ਹੈ ਕਿ ਜਦੋਂ ਕਿਸੇ ਦਾ ਸੁਭਾਵ ਅਜਿਹਾ ਹੋ ਜਾਵੇ ਜਦੋਂ ਉਹ ਨਾ ਤਾਂ ਕਿਸੇ ਦੇ ਕੰਮ 'ਚ ਦਖਲ ਦੇਣਾ ਚਾਹੇ, ਜਾਂ ਨਾ ਹੀ ਕਿਸੇ ਨਾਲ ਨਾਤਾ ਬਣਾ ਪਾਵੇ। ਇਹਦੇ ਨਾਲ ਏਕਤਾ ਨਹੀਂ ਆਉਂਦੀ ਸਗੋਂ ਬੰਦਾ ਦੂਜਿਆਂ ਨਾਲੋਂ ਟੁੱਟ ਜਾਂਦਾ ਹੈ। ਕਿਸੇ ਨੂੰ ਦਿਆਲਤਾ ਦਿਖਾਉਣ ਦੀ ਬਜਾਏ, ਆਪਾਂ ਕਹਿੰਦੇ ਹਾਂ, "ਦੱਸ ਮੈਨੂੰ ਕੀ।" ਅੱਜ ਦੇ ਸਮਿਆਂ 'ਚ ਆਪਾਂ ਵੱਧ ਤੋਂ ਵੱਧ ਟੁੱਟਦੇ ਜਾ ਰਹੇ ਹਾਂ। ਆਪਾਂ ਪਰਿਵਾਰਾਂ 'ਚ ਬੱਝੇ ਰਹਿੰਦੇ ਹਾਂ, ਤੇ ਕਦੇ ਆਪਣੇ ਗਰੁੱਪ ਤੋਂ ਬਾਹਰ ਹੋਕੇ ਇਹ ਨਹੀਂ ਦੇਖਦੇ ਕਿ ਬਾਹਰ ਕਿਸਨੂੰ ਮਦਦ ਦੀ ਲੋੜ ਹੈ ਤੇ ਜੇ ਦੇਖਦੇ ਵੀ ਹਾਂ ਤਾਂ ਮਦਦ ਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਪਰ, ਪ੍ਰਮਾਤਮਾ ਨਹੀਂ ਚਾਹੁੰਦੇ ਕਿ ਆਪਾਂ ਇਸ ਤਰੀਕੇ ਨਾਲ ਜਿਉਂਈਏ। ਦਿਆਲਤਾ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਵਿੱਚੋਂ ਇੱਕ ਉਦਾਹਰਣ ਹੈ ਅਫਗਾਨ ਕੋਡ ਔਫ ਆਨਰ ਦੀ ਜਿਸਨੂੰ ਪਸ਼ਤੂਨਵਾਲੀ ਵਜੋਂ ਵੀ ਜਾਣਿਆ ਜਾਂਦਾ ਹੈ, ਜਿਸ ਵਿੱਚ ਇੱਕ ਕਬੀਲੇ ਦੀ ਜਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਮੈਂਬਰ ਨੂੰ ਉਸਦੇ ਦੁਸ਼ਮਣਾਂ ਤੋਂ ਬਚਾਉਣ ਦੀ ਪੂਰੀ ਸੰਭਵ ਕੋਸ਼ਿਸ਼ ਕਰੇ। ਅਫਗਾਨਾਂ ਬਾਰੇ ਕਈ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ ਕਿ ਉਨ੍ਹਾਂ ਨੇ ਅਜਨਬੀਆਂ ਨੂੰ ਬਚਾਉਣ ਲਈ ਆਪਣੀ ਜਾਨ ਦੇ ਦਿੱਤੀ। ਵਖਰੇਵੇਂ ਉੱਤੇ ਦਿਆਲਤਾ ਦੀ ਇੱਕ ਹੋਰ ਉਦਾਹਰਣ ਦੇਖੀ ਜਾ ਸਕਦੀ ਹੈ, ਉਹ ਹੋਵੇਗੀ ਅੰਤਰਰਾਸ਼ਟਰੀ ਸਮੁੰਦਰੀ ਕਾਨੂੰਨ ਦੀ। ਜੇ ਕਿਸੇ ਨੂੰ ਸਮੁੰਦਰ ਵਿੱਚ ਮਦਦ ਦੀ ਲੋੜ ਹੈ ਤਾਂ ਕਾਨੂੰਨ ਦੇ ਮੁਤਾਬਿਕ ਰੁਕਕੇ ਉਸਦੀ ਮਦਦ ਕਰਨਾ ਲਾਜ਼ਮੀ ਹੈ। ਕੇਵਲ ਇੱਕ ਕੋਡ ਔਫ ਆਨਰ ਬਣਨ ਨਾਲੋਂ, ਜਾਂ ਆਮ ਸੁਭਾਅ ਰੱਖਣ ਨਾਲੋਂ, ਜਹਾਜ਼ੀ ਲੋਕਾਂ ਨੂੰ ਪੂਰੀ ਕਾਨੂੰਨੀ ਖਿੱਚ ਹੁੰਦੀ ਹੈ ਕਿ ਉਹ ਲੋੜਵੰਦ ਅਣਜਾਣ ਲੋਕਾਂ ਦੀ ਮਦਦ ਕਰਨ। ਕੀ ਸਾਨੂੰ ਲੋੜਵੰਦਾਂ ਦੀ ਮਦਦ ਕਰਨ ਲਈ ਪੂਰਾ ਜ਼ੋਰ ਲਾ ਦੇਣਾ ਚਾਹੀਦਾ ਹੈ, ਭਾਵੇਂ ਸਾਡੇ 'ਤੇ ਕੋਈ ਕੋਡ ਜਾਂ ਕਾਨੂੰਨ ਦੀ ਖਿੱਚ ਨਾ ਹੋਵੇ?

ਅੱਜ ਦੀ ਬਾਈਬਲ ਕਹਾਣੀ ਵਿਚ ਰਥ ਦੇ ਪਤੀ ਮਰ ਗਏ, ਨਾਲ ਹੀ ਉਸਦੇ ਸਹੁਰੇ ਤੇ ਜੀਜੇ ਦੀ ਵੀ ਮੌਤ ਹੋ ਗਈ। ਉਨ੍ਹਾਂ ਦੇ ਪਰਿਵਾਰ ਵਿੱਚ ਸਿਰਫ਼ ਉਸਦੀ ਸੱਸ ਤੇ ਨਨਾਣ ਹੀ ਰਹਿ ਗਏ। ਨਾ ਤਾਂ ਰਥ ਦੇ ਤੇ ਨਾ ਹੀ ਉਸਦੀ ਭਰਜਾਈ ਆਰਪਾਰ ਦੇ ਬੱਚੇ ਸਨ। ਨੇਓਮੀ ਨੇ ਆਪਣੇ ਵਤਨ ਦੀ ਯਾਤਰਾ ਕਰਨ ਦਾ ਫੈਸਲਾ ਕੀਤਾ, ਪਰ ਉਹਨੇ ਦੋਵਾਂ ਕੁੜੀਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਉਸਦੇ ਨਾਲ ਜਾਣ ਦੀ ਜ਼ਰੂਰਤ ਨਹੀਂ ਹੈ, ਪਰ ਉਹ ਆਪਣੇ ਪਰਿਵਾਰਾਂ ਕੋਲ ਵਾਪਸ ਜਾ ਸਕਦੀਆਂ ਹਨ ਅਤੇ ਦੁਬਾਰਾ ਵਿਆਹ ਕਰਾ ਸਕਦੀਆਂ ਹਨ। ਕੋਈ ਵੀ ਕੁੜੀ ਨੇਓਮੀ ਨੂੰ ਇਕੱਲੇ ਨਹੀਂ

ਛੱਡਣਾ ਚਾਹੁੰਦੀ ਸੀ, ਪਰ ਆਰਪਾਹ ਰਾਜ਼ੀ ਹੋ ਗਈ ਤੇ ਉਸਨੇ ਆਪਣੇ ਪਰਿਵਾਰ ਕੋਲ ਵਾਪਸ ਜਾਣ ਦਾ ਫੈਸਲਾ ਕੀਤਾ। ਪਰ ਰਥ ਰਾਜ਼ੀ ਨਹੀਂ ਹੋਈ, ਤੇ ਉਸਨੇ ਨੇਓਮੀ ਨਾਲ ਜਾਣ ਦਾ ਪੱਕਾ ਫੈਸਲਾ ਕਰ ਲਿਆ। ਰਥ ਨੇ ਨੇਓਮੀ ਨਾਲ ਯਾਤਰਾ ਕੀਤੀ, ਤੇ ਉਥੇ ਪਹੁੰਚਣ ਤੋਂ ਬਾਅਦ ਉਸਨੇ ਉਸਦੀ ਘਰ ਦੀ ਸੈਟਿੰਗ ਕਰਨ 'ਚ ਮਦਦ ਕੀਤੀ। ਦੋਹਾਂ ਦਾ ਪਾਲਣ-ਪੋਸ਼ਣ ਕਰਨ ਲਈ ਉਸਨੇ ਖੇਤਾਂ ਵਿਚ ਕੰਮ ਕਰਨਾ ਵੀ ਸ਼ੁਰੂ ਕਰ ਦਿੱਤਾ। ਰਥ ਆਪਣੀ ਸੱਸ ਦੀ ਮਦਦ ਕਰਨ ਲਈ ਤੇ ਸਾਥ ਨਿਭਾਉਣ ਲਈ ਜੋ ਕਰ ਸਕਦੀ ਸੀ ਉਹ ਸਭ ਕੀਤਾ, ਸਗੋਂ ਆਮ ਮਦਦ ਨਾਲੋਂ ਕਿਤੇ ਹਟਕੇ ਸਾਥ ਨਿਭਾਇਆ। ਅਖੀਰ 'ਚ, ਪ੍ਰਮਾਤਮਾ ਦੀ ਕਿਰਪਾ ਹੋਈ, ਤੇ ਰਥ ਦੁਬਾਰਾ ਤੋਂ ਵਿਆਹ ਕਰਾ ਸਕੀ ਜਿਸ ਨਾਲ ਨੇਓਮੀ ਦਾ ਪਰਿਵਾਰ ਫਿਰ ਤੋਂ ਚੱਲ ਪਿਆ। ਰਥ ਨੇ ਆਪਣੇ ਪਹਿਲੇ ਬੱਚੇ ਦਾ ਨਾਂ, ਨੇਓਮੀ ਦੇ ਪਤੀ ਦੇ ਨਾਂ 'ਤੇ ਰੱਖਿਆ, ਇਸ ਤਰ੍ਹਾਂ ਉਸਨੇ ਨੇਓਮੀ ਪ੍ਰਤੀ ਕਾਫੀ ਦਿਆਲਤਾ ਦਿਖਾਈ। ਉਸਨੇ ਨੇਓਮੀ ਨੂੰ ਇਹ ਨਹੀਂ ਕਿਹਾ ਕਿ "ਦੱਸ ਮੈਨੂੰ ਕੀ" ਸਗੋਂ ਉਹਨੇ ਦਿਆਲਤਾ ਦਿਖਾਈ ਤੇ ਉਹਨੇ ਆਮ ਨਾਲੋਂ ਵੱਧ ਕਰਕੇ ਦਿਖਾਇਆ, ਕੰਮ 'ਚ ਵੀ ਤੇ ਬੋਲੀ 'ਚ ਵੀ। ਕੀ ਆਪਾਂ ਨੂੰ ਵੀ ਰਥ ਦੀ ਤਰ੍ਹਾਂ ਦਿਆਲੂ ਹੋਣਾ ਚਾਹੀਦਾ ਹੈ, ਤੇ ਵਖਰੇਵੇਂ ਨਹੀਂ ਕਰਨਾ ਚਾਹੀਦਾ?


## ਯਾਦਦਾਸ਼ਤ ਤੁਕ ਖੇਡ 8

**ਕਾਗਜ਼ ਦੀਆਂ ਪਰਚੀਆਂ**

ਕਾਗਜ਼ ਦੀਆਂ ਪਰਚੀਆਂ 'ਤੇ ਯਾਦਦਾਸ਼ਤ ਤੁਕ ਦਾ ਹਰੇਕ ਸ਼ਬਦ ਲਿਖੋ। ਵਿਦਿਆਰਥੀਆਂ ਦਾ ਕੰਮ ਹੈ ਕਿ ਉਹ ਇਨ੍ਹਾਂ ਪਰਚਿਆਂ ਨੂੰ ਸਹੀ ਕ੍ਰਮ 'ਚ ਲਗਾਉਣ। ਕਾਗਜ਼ ਦੀਆਂ ਇਨ੍ਹਾਂ ਪਰਚੀਆਂ ਨੂੰ ਤੁਸੀਂ ਹਰ ਬੱਚੇ ਦੇ ਅੱਗੇ ਚਿਪਕਾ ਸਕਦੇ ਹੋ ਤੇ ਬਾਅਦ 'ਚ ਉਨ੍ਹਾਂ ਨੂੰ ਸਹੀ ਕ੍ਰਮ ਅਨੁਸਾਰ ਲਾਈਨ 'ਚ ਖੜ੍ਹਾ ਹੋਣ ਨੂੰ ਕਹਿ ਸਕਦੇ ਹੋ।



## ਪਜ਼ਲ ਦੇ ਉੱਤਰ 8





| | | | | | | | | | | | | |
|---|---|---|---|---|---|---|---|---|---|---|---|---|
| ਆ | ਨ | ਰ | ਫਿ | ਕ੍ਰੈ | ਨਾ | ਤਾ | ਬ | ਣਾ | ਉ | ਣਾ | ਫਿ | ਡ |
| ਨਾ | ਸ਼ੀ | ਵ | ਕੇ | ਹੇ | ਣਾ | ਨਾ | ਭ | ਕੇ | ਭ | ਥ | ਸ਼ੀ | ਕੋ |
| ਹੇ | ਆ | ਮ | ਸੁ | ਭਾ | ਅ | ਣਾ | ਨੇ | ਓ | ਮੀ | ਹੇ | ਰ | ਅ |
| ਦੂ | ਭ | ਵ | ਣਾ | ਦੂ | ਖ | ਸ਼ੀ | ਹੇ | ਨ | ਵ | ਦੂ | ਫਿ | ਣਾ |
| ਹੋ | ਰ | ਨਾ | ਫਿ | ਅ | ਦੂ | ਵ | ਣਾ | ਭ | ਨੂੰ | ਹੇ | ਸ਼ੀ | ਹੋ |
| ਕ੍ਰੈ | ਈ | ਦ | ਕ੍ਰੈ | ਭ | ਕੇ | ਦੇ | ਕੇ | ਖ | ਕ੍ਰੈ | ਕਾ | ਵ | ਲ |
| ਆ | ਨਾ | ਦ | ਹੇ | ਵ | ਨਾ | ਹੇ | ਅ | ਕੇ | ਸ਼ੀ | ਣਾ | ਨਾ | ਫ |
| ਈ | ਸ਼ੀ | ਮ | ਣਾ | ਲ | ਖ | ਦਾ | ਭ | ਸ | ਮੱ | ਸਿ | ਆ | ਸ |
| ਵੱ | ਕ੍ਰੈ | ਵ | ਖ | ਹੇ | ਵ | ਸ | ਦੂ | ਫਿ | ਨਾ | ਕ੍ਰੈ | ਣਾ | ਅ |
| ਰ | ਫਿ | ਦ | ਦੂ | ਨਾ | ਣਾ | ਜਿ | ਹੇ | ਵਾਂ | ਰੇ | ਖ | ਵ | ਅ |

ਵਖਰੇਵਾਂ ਰਵੱਈਆ ਦਖਲ ਨਾ ਦੇਣਾ ਅਸਫਲ ਹੋਣਾ ਨਾਤਾ ਬਣਾਉਣਾ ਜਿਸਦਾ ਸਮੱਸਿਆ ਮਦਦ ਹੋਰ ਕੋਡ ਆਨਰ ਆਮ ਸੁਭਾਅ ਕਾਨੂੰਨ ਰਥ ਨੇਓਮੀ

## ਪ੍ਰਸ਼ਨ ਅਤੇ ਉੱਤਰ 8




**1. ਲੋੜਵੰਦਾਂ ਦੀ ਮਦਦ ਕਰਨ ਲਈ ਤੁਹਾਡੇ ਸਮਾਜ ਵਿੱਚ ਉਹ ਕਿਹੜੇ ਕਾਨੂੰਨ ਹਨ ਜਿਨ੍ਹਾਂ ਮੁਤਾਬਿਕ ਤੁਸੀਂ ਮਦਦ ਕਰਨ ਲਈ ਬੱਝ ਜਾਂਦੇ ਹੋ ਤੇ ਤੁਹਾਡੀ ਜ਼ਿੰਮੇਵਾਰੀ ਪੱਕੀ ਹੋ ਜਾਂਦੀ ਹੈ, ਦੱਸੋ?**

ਦੁਨੀਆ ਭਰ ਦੇ ਵੱਖ-ਵੱਖ ਸੱਭਿਆਚਾਰਾਂ ਵਿੱਚ ਮੌਜੂਦ ਅਜਿਹੇ ਅਣ-ਬੋਲੇ ਕਾਨੂੰਨਾਂ ਬਾਰੇ ਚਰਚਾ ਕਰੋ ਜੋ ਉਂਝ ਤਾਂ ਹਨ ਪਰ ਲਿਖਤੀ ਰੂਪ 'ਚ ਮੌਜੂਦ ਨਹੀਂ ਹਨ। ਹਰ ਸਮਾਜ 'ਚ ਬਹੁਤ ਸਾਰੇ ਅਣ-ਬੋਲੇ ਨਿਯਮ ਹੁੰਦੇ ਹਨ। ਕੀ ਤੁਹਾਡੇ ਲਈ ਭਿਖਾਰੀ ਨੂੰ ਦੇਣਾ ਜ਼ਰੂਰੀ ਹੈ? ਜੇਕਰ ਕੋਈ ਬੁੱਢੀ ਔਰਤ ਸੜਕ 'ਤੇ ਡਿੱਗ ਜਾਵੇ ਤਾਂ ਕੀ ਲੋਕ ਰੁਕ ਕੇ ਮਦਦ ਕਰਨਗੇ? ਜੇਕਰ ਕੋਈ ਬੱਚਾ ਗੁਆਚ ਜਾਵੇ, ਤਾਂ ਕੀ ਲੋਕਾਂ ਤੋਂ ਮਦਦ ਦੀ ਉਮੀਦ ਕੀਤੀ ਜਾ ਸਕਦੀ ਹੈ?

**2. ਤੁਹਾਡੇ ਸਮਾਜ ਵਿੱਚ, ਕਿਹੜੇ ਤਰੀਕਿਆਂ ਨਾਲ ਲੋਕ ਕਹਿੰਦੇ ਹਨ ਕਿ, "ਦੱਸ ਮੈਨੂੰ ਕੀ," ਤੇ ਮਦਦ ਕਰਨ ਤੋਂ ਇਨਕਾਰ ਕਰ ਦਿੰਦੇ ਹਨ?**

ਜਿਹੜੇ ਸਮਾਜ 'ਚ ਤੁਸੀਂ ਰਹਿੰਦੇ ਹੋ, ਉਥੋਂ ਦੇ ਨਿਯਮਾਂ ਬਾਰੇ ਆਪਣੇ ਵਿਦਿਆਰਥੀਆਂ ਨਾਲ ਚਰਚਾ ਕਰੋ, ਤੇ ਵਿਚਾਰ ਕਰੋ ਕਿ ਕਿੱਥੇ ਮਦਦ ਕਰੇ ਬਿਨਾਂ ਰਿਹਾ ਜਾ ਸਕਦਾ ਹੈ। ਹਰੇਕ ਉਦਾਹਰਣ ਦੇਣ ਵੇਲੇ, ਇਹ ਵੀ ਧਿਆਨ 'ਚ ਰੱਖਣਾ ਕਿ ਉਸ ਦੌਰਾਨ ਪ੍ਰਮਾਤਮਾ ਆਪਣੇ ਤੋਂ ਕਾਹਦੀ ਉਮੀਦ ਰੱਖਦੇ ਹਨ।

**3. ਈਸਾ ਮਸੀਹ ਦੇ ਸਰੀਰ ਵਿੱਚ ਏਕਤਾ ਕਿਵੇਂ ਦੀ ਦਿਖਾਈ ਦਿੰਦੀ ਹੈ?**

ਚਰਚਾ ਕਰੋ ਕਿ ਜੇਕਰ ਚਰਚ ਵਿੱਚ ਭਾਈਚਾਰਾ ਏਕਤਾ ਨਾਲ ਰਿਹਾ ਕਰੇ ਤੇ ਈਸਾ ਮਸੀਹ ਵੱਲੋਂ ਸੰਜੋਏ ਸੰਸਾਰ ਨੂੰ ਪਾਉਣ ਲਈ ਰਲ ਕੇ ਕੰਮ ਕਰਿਆ ਕਰੇ ਤਾਂ ਚਰਚਾਂ ਕਿਹੋ ਜਿਹੀਆਂ ਦਿਖਾਈ ਦੇਣਗੀਆਂ।

## ਅਖਾੜੇ ਦੇ ਵਿੱਚ 8

ਮਦਦ ਕਰਨ ਲਈ ਕਿਸੇ ਨੂੰ ਲੱਭੋ, ਖਾਸ ਕਰਕੇ ਜੇ ਉਹ "ਤੁਹਾਡੀ ਸਮੱਸਿਆ ਨਾ ਹੋਵੇ ਤਾਂ" ਜ਼ਰੂਰ ਲੱਭੋ। ਸੜਕ 'ਤੇ ਕਿਸੇ ਬੇਘਰ ਵਿਅਕਤੀ ਨੂੰ ਕੁਝ ਦੇ ਦਿਓ, ਜਾਂ ਸਕੂਲ ਵਿੱਚ ਕਿਸੇ ਲੋੜਵੰਦ ਬੱਚੇ ਨੂੰ ਨਵਾਂ ਇਰੇਜ਼ਰ ਜਾਂ ਪੈਨਸਿਲ ਦੇ ਦਿਓ। ਇਹ ਯਕੀਨੀ ਬਣਾਓ ਕਿ ਤੁਹਾਡਾ ਉਨ੍ਹਾਂ ਨਾਲ ਵੈਸੇ ਕੋਈ ਨਿਜੀ ਨਾਤਾ ਨਾ ਹੋਵੇ ਤੇ ਉਨ੍ਹਾਂ ਦੀ ਮਦਦ ਕਰਨ ਦੀ ਤੁਹਾਡੀ ਕੋਈ ਜਿੰਮੇਵਾਰੀ ਜਾਂ ਲੋੜ ਨਾ ਹੋਵੇ।

# ੭. ਦਿਆਲਤਾ ਜਾਂ ਖਾਰ ਖਾਣਾ

**ਬਾਈਬਲ ਦੀ ਕਹਾਣੀ: ਐਸਥਰ ਆਪਣੇ ਲੋਕਾਂ ਨੂੰ ਬਚਾਉਂਦੀ ਹੈ**

**ਐਸਥਰ 3-5**


## ਨਾਟਕ ੭

ਫੂਲਿਸ਼ ਫ੍ਰੈਡ ਆਪਣੇ ਭਰਾ 'ਤੇ ਖਾਰ ਖਾਂਦਾ ਹੈ ਤੇ ਉਹ ਉਹਦਾ ਪਸੰਦੀਦਾ ਖਿਡੌਣਾ ਚੋਰੀ ਕਰ ਲੈਂਦਾ ਹੈ। ਵਾਈਜ਼ ਵਿਲੀ ਉਸ ਸਮੇਂ ਨੂੰ ਯਾਦ ਕਰਾਉਂਦਾ ਹੈ ਜਦੋਂ ਫ੍ਰੈਡ ਦੇ ਭਰਾ ਨੇ ਫ੍ਰੈਡ ਨਾਲ ਆਪਣੇ ਖਿਡੌਣੇ ਤੇ ਕੈਂਡੀ ਸਾਂਝੀ ਕੀਤੀ ਸੀ, ਤੇ ਉਹ ਫ੍ਰੈਡ ਨੂੰ ਯਾਦ ਦਿਵਾਉਂਦਾ ਹੈ ਕਿ ਉਸਦਾ ਭਰਾ ਉਸਨੂੰ ਸੱਚਮੁੱਚ ਬਹੁਤ ਪਿਆਰ ਕਰਦਾ ਹੈ। ਫ੍ਰੈਡ ਆਪਣੇ ਅੰਦਰੋਂ ਖਾਰ ਕੱਢ ਦਿੰਦਾ ਹੈ ਤੇ ਨਰਮ ਪੈ ਜਾਂਦਾ ਹੈ।

## ਯਾਦਦਾਸ਼ਤ ਤੁਕ ੭

"ਹੇ ਮੇਰੇ ਭਰਾਵੋ, ਮੈਂ ਆਪ ਵੀ ਤੁਹਾਡੇ ਵਿਖੇ ਯਕੀਨ ਰੱਖਦਾ ਹਾਂ ਭਈ ਤੁਸੀਂ ਆਪ ਭਲਿਆਈ ਨਾਲ ਪੂਰੇ ਅਤੇ ਸਾਰੇ ਗਿਆਨ ਨਾਲ ਭਰੇ ਹੋਏ ਹੋ ਅਰ ਇੱਕ ਦੂਏ ਨੂੰ ਸਿੱਖਾ ਸੱਕਦੇ ਹੋ" ਰੋਮੀਆਂ ਨੂੰ 15:14

## ਮੁੱਖ ਪਾਠ ੭




ਇਸ ਹਫਤੇ ਆਪਾਂ ਦੋ ਚੀਜ਼ਾਂ ਵਿਚਕਾਰ ਚਰਚਾ ਕਰਾਂਗੇ, ਦਿਆਲਤਾ ਤੇ ਖਾਰ ਖਾਣਾ। ਖਾਰ ਖਾਣ ਤੋਂ ਭਾਵ ਕਿਸੇ ਨੂੰ ਸੱਟ ਜਾਂ ਨੁਕਸਾਨ ਪਹੁੰਚਾਉਣਾ ਹੁੰਦਾ ਹੈ, ਇਹ ਜਾਂ ਤਾਂ ਦੁਸ਼ਮਣੀ ਦੀ ਭਾਵਨਾ ਕਰਕੇ ਹੁੰਦਾ ਹੈ ਤੇ ਜਾਂ ਨਫ਼ਰਤ ਦੀ ਡੂੰਘੀ-ਬੈਠੀ ਪੁਰਾਣੀ ਭਾਵਨਾ ਕਰਕੇ। ਇਹ ਬੁਰੇ ਇਰਾਦੇ ਨਾਲ ਕੀਤੇ ਗਏ ਇੱਕ ਗਲਤ ਕੰਮ ਨੂੰ ਦਰਸਾਉਂਦਾ ਹੈ।

ਅੱਜ ਦੀ ਬਾਈਬਲ ਦੀ ਕਹਾਣੀ ਵਿੱਚ ਹੇਮਨ ਯਹੂਦੀਆਂ ਨੂੰ ਮਾਰਨ ਸਾਜ਼ਿਸ਼ ਰਚਦਾ ਹੈ। ਅਸਲ 'ਚ, ਉਹ ਮੋਰਡੀਕਾਈ ਤੋਂ ਖਾਰ ਖਾਈ ਬੈਠਾ ਹੁੰਦਾ ਹੈ, ਕਿਉਂਕਿ ਉਹ ਉਸ ਅੱਗੇ ਝੁਕਿਆ ਨੀ ਸੀ। ਵਿਅੰਗਾਤਮਕ ਗੱਲ ਇਹ ਹੈ ਕਿ ਜਦੋਂ ਉਸਨੂੰ ਪਤਾ ਲੱਗਾ ਕਿ ਮੋਰਡੀਕਾਈ ਇੱਕ ਯਹੂਦੀ ਸੀ, ਤਾਂ ਉਹ ਸਿਰਫ਼ ਉਸਨੂੰ ਹੀ ਨਹੀਂ ਸੀ ਮਾਰਨਾ ਚਾਹੁੰਦਾ, ਸਗੋਂ ਉਹ ਜ਼ਰਕਸੀਜ਼ ਦੇ ਰਾਜ ਵਿੱਚ ਰਹਿੰਦੇ ਸਾਰੇ ਯਹੂਦੀਆਂ ਨੂੰ ਮਾਰਨਾ ਚਾਹੁੰਦਾ ਸੀ। ਇਹ ਹੈਰਾਨੀਜਨਕ ਹੈ ਕਿ ਮਨੁੱਖੀ ਦਿਲ ਇੰਨਾ ਘਟੀਆ ਹੈ ਤੇ ਬਦਲਾਖੋਰੀ ਦੀ ਭਾਵਨਾ ਰੱਖਦਾ ਹੈ। ਸਿਰਫ਼ ਇਕ ਆਦਮੀ ਨੂੰ ਮਾਰਨ ਦੀ ਬਜਾਇ ਜਿਸ ਤੋਂ ਉਹ ਖਾਰ ਖਾਈ ਬੈਠਾ ਸੀ, ਹੇਮਨ ਹੁਣ ਉਨ੍ਹਾਂ ਲੋਕਾਂ ਦੇ ਪੂਰੇ ਸਮੂਹ ਨੂੰ ਮਾਰ ਦੇਣਾ ਚਾਹੁੰਦਾ ਸੀ!

ਸਾਡੇ ਦਿਲ ਦੁਸ਼ਟ ਹਨ, ਅਤੇ ਅਸੀਂ ਪਾਪ ਵਿੱਚ ਪੈਦਾ ਹੋਏ ਹਾਂ। ਇਸ ਬਦਸਲੂਕੀ ਨੂੰ ਦੂਰ ਕਰਨ ਲਈ, ਅਤੇ ਦੂਜਿਆਂ ਪ੍ਰਤੀ ਦਿਆਲਤਾ ਨਾਲ ਰਹਿਣ ਲਈ ਸਾਨੂੰ ਰੂਹੀ ਫਲ ਨਾਲ ਜਿਉਣਾ ਚਾਹੀਦਾ ਹੈ। ਅੱਜ ਵੀ ਦੁਨੀਆਂ ਭਰ ਵਿੱਚ ਅਜਿਹੇ ਲੋਕ ਹਨ ਜੋ ਇੱਕ ਪੂਰੀ ਨਸਲ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਹਨ। ਪਿਛਲੇ 100 ਸਾਲਾਂ ਵਿੱਚ, ਸਾਡੇ ਕੋਲ ਬਹੁਤ ਸਾਰੀਆਂ ਉਦਾਹਰਣਾਂ ਹਨ ਜਿੱਥੇ ਇੱਕ ਨਸਲ ਦਾ ਇਰਾਦਾ ਦੂਜੀ ਪੂਰੀ ਨਸਲ ਨੂੰ ਮਾਰ ਦੇਣ ਦਾ ਹੁੰਦਾ ਸੀ। ਯਹੂਦੀਆਂ ਨੂੰ ਇੱਕ ਤੋਂ ਵੱਧ ਵਾਰ ਮਾਰਨ ਦੀ ਕੋਸ਼ਿਸ਼ ਹੋਈ!

ਸ਼ੁਕਰ ਹੈ, ਬਾਈਬਲ ਦੀ ਇਸ ਕਹਾਣੀ ਵਿੱਚ, ਹੇਮਨ ਦੇ ਦਿਲ ਵਿੱਚ ਜੋ ਖਾਰ ਪੈਦਾ ਹੋਈ ਸੀ ਉਸਨੂੰ ਹੋਰ ਬਣਨ ਤੋਂ ਰੋਕਿਆ ਗਿਆ ਤੇ ਠੀਕ ਕੀਤਾ ਗਿਆ।

ਮੋਰਡੀਕਾਈ ਰਾਣੀ ਐਸਥਰ ਕੋਲੇ ਗਿਆ ਤੇ ਉਸਨੇ ਰਾਣੀ ਨੂੰ ਰਾਜੇ ਕੋਲ ਜਾਕੇ ਬੇਨਤੀ ਕਰਨ ਨੂੰ ਕਿਹਾ ਕਿ ਉਹ ਯਹੂਦੀਆਂ ਨੂੰ ਬਖ਼ਸ਼ ਦੇਵੇ। ਸਾਰੇ ਲੋਕਾਂ ਨੇ ਵਰਤ ਰੱਖਿਆ ਅਤੇ ਤਿੰਨ ਦਿਨ ਪ੍ਰਾਰਥਨਾ ਕੀਤੀ ਤੇ ਫਿਰ ਉਹ ਰਾਜੇ ਕੋਲ ਗਈ। ਉਸਨੇ ਰਾਜੇ ਤੇ ਹੇਮਨ ਲਈ ਤਿੰਨ ਦਾਅਵਤਾਂ ਰੱਖੀਆਂ, ਤੀਜੀ ਦਾਅਵਤ ਮੌਕੇ ਹੇਮਨ ਦੀਆਂ ਯੋਜਨਾਵਾਂ ਤੇ ਸਾਰੇ ਯਹੂਦੀਆਂ ਨੂੰ ਮਾਰਨ ਦੇ ਹੁਕਮ ਦਾ ਖੁਲਾਸਾ ਕੀਤਾ।


ਐਸਥਰ ਰਾਣੀ ਨੇ ਆਪਣੇ ਲੋਕਾਂ ਨੂੰ ਬਚਾਉਣ ਲਈ ਐਨਾ ਵੱਡਾ ਖਤਰਾ ਮੁੱਲ ਲਿਆ, ਤੇ ਪ੍ਰਮਾਤਮਾ ਦੀ ਉਸ 'ਤੇ ਕਿਰਪਾ ਹੋਈ। ਆਪਣੀ ਦਿਆਲਤਾ ਨਾਲ ਉਹ ਹੇਮਨ ਤੋਂ ਤੇ ਉਸਦੀਆਂ ਬੁਰੀਆਂ ਯੋਜਨਾਵਾਂ ਤੋਂ ਦੂਜਿਆਂ ਨੂੰ ਬਚਾਉਣ ਦੇ ਯੋਗ ਹੋਈ।

ਆਪਣੀ ਜ਼ਿੰਦਗੀ 'ਚ ਬਾਈਬਲ ਜਿੰਨੀ ਭਿਆਨਕ ਸਥਿਤੀ ਤਾਂ ਭਾਵੇਂ ਨਾ ਆਵੇ ਪਰ ਫਿਰ ਵੀ ਸਾਡੇ ਆਲੇ ਦੁਆਲੇ ਹਮੇਸ਼ਾ ਬੁਰਾਈ ਅਤੇ ਖਾਰ ਰਹੇਗੀ। ਕੀ ਆਪਾਂ ਸਭ ਦਿਆਲਤਾ ਨਾਲ ਰਹਿਣਾ ਸ਼ੁਰੂ ਕਰ ਸਕਦੇ ਹਾਂ, ਤੇ ਅੱਜ ਦੀ ਦੁਨੀਆ ਵਿੱਚੋਂ ਖਾਰ ਨੂੰ ਮਿਟਾ ਸਕਦੇ ਹਾਂ?


## ਯਾਦਦਾਸ਼ਤ ਤੁਕ ਖੇਡ

### ਬੀਨ ਬੈਗ ਟੌਸ

ਬੱਚਿਆਂ ਨੂੰ ਫਰਸ਼ 'ਤੇ ਇੱਕ ਗੋਲ ਘੇਰੇ 'ਚ ਬਿਠਾਓ। ਯਾਦਦਾਸ਼ਤ ਤੁਕ ਨੂੰ ਬੋਰਡ 'ਤੇ, ਜਾਂ ਕਾਗਜ਼ ਦੇ ਟੁਕੜੇ 'ਤੇ ਲਿਖੋ ਜਿੱਥੇ ਬੱਚੇ ਇਸਨੂੰ ਦੇਖ ਸਕਣ। ਫਿਰ ਬੱਚਿਆਂ ਨੂੰ ਕਹੋ ਕਿ ਉਹ ਬੀਨ ਬੈਗ (ਜਾਂ ਗੁੱਛੀ-ਮੁੱਛੀ ਕੀਤਾ ਕਾਗਜ਼, ਸਟੱਫਡ ਜਾਨਵਰ, ਆਦਿ) ਨੂੰ ਆਪਣੇ ਨਾਲ ਵਾਲੇ ਬੱਚੇ ਨੂੰ ਦੇਣ, ਜਿਸਨੇ ਵੀ ਬੀਨ ਬੈਗ ਫੜਿਆ ਹੋਇਆ ਹੋਵੇਗਾ ਉਹ ਯਾਦਦਾਸ਼ਤ ਤੁਕ ਦਾ ਅਗਲਾ ਸ਼ਬਦ ਕਹੇਗਾ। ਇਸਨੂੰ ਹੋਰ ਚੁਣੌਤੀਪੂਰਨ ਬਣਾਉਣ ਲਈ, ਵਿਦਿਆਰਥੀਆਂ ਨੂੰ ਕਹੋ ਕਿ ਉਹ ਗੋਲ ਚੱਕਰ ਵਿੱਚ ਬੈਠੇ ਕਿਸੇ ਵੀ ਵਿਦਿਆਰਥੀ ਵੱਲ ਬੀਨ ਬੈਗ ਸੁੱਟਣ ਤਾਂ ਜੋ ਯਾਦਦਾਸ਼ਤ ਤੁਕ ਦਾ ਅਗਲੇ ਸ਼ਬਦ ਬੋਲਿਆ ਜਾ ਸਕੇ।



## ਪਜ਼ਲ ਦੇ ਉੱਤਰ





| | | | | | | | | | |
|---|---|---|---|---|---|---|---|---|---|
| ਦਿ | ਖ਼ੀ | ਬ | ਹੈ | ਦਾ | ਚ | ਰ | ਸ਼ | ਜ਼ਿ | ਸਾ |
| ਦੂ | ਆ | ਨਾ | ਦ | ਦੂ | ਰ | ਫਿ | ਵ | ਕ੍ਰੈ | ਅ |
| ਕ੍ਰੈ | ਵ | ਲ | ਯ | ਲਾ | ਬ | ਥ | ਭ | ਨਾ | ਘ |
| ਨਾ | ਭ | ਜ਼ਿ | ਤਾ | ਨ | ਖੋ | ਸੱ | ਸ | ਯ | ਟੀ |
| ਰ | ਫਿ | ਕ੍ਰੈ | ਸਾ | ਵ | ਖ਼ੀ | ਰੀ | ਲ | ਐ | ਆ |
| ਮਾ | ਬ | ਕ | ਯ | ਯ | ਹੂ | ਦੀ | ਬ | ਵ | ਨਾ |
| ਲ | ਨੁ | ਸੱ | ਅ | ਲ | ਨਾ | ਬ | ਤ | ਖ਼ੀ | ਫਿ |
| ਪੀ | ੜਾ | ਪ | ਹੁੰ | ਚਾ | ਉ | ਣਾ | ਵ | ਨ | ਦੂ |
| ਭ | ਕ੍ਰੈ | ਨਾ | ਬ | ਰ | ਸੱ | ਦੂ | ਅ | ਮ | ਟ |
| ਖਾ | ਰ | ਫਿ | ਖ਼ੀ | ਲ | ਹੋ | ਕ੍ਰੈ | ਦਾ | ਹੇ | ਸੱ |

ਦਿਆਲਤਾ ਖਾਰ ਪੀੜਾ ਪਹੁੰਚਾਉਣਾ ਸੱਟ ਨੁਕਸਾਨ ਹੋਰ ਹੇਮਨ ਸਾਜ਼ਿਸ਼ ਰਚਦਾ ਹੈ ਮਾਰਨਾ ਯਹੂਦੀ ਘਟੀਆ ਬਦਲਾਖੋਰੀ ਐਸਥਰ ਦਾਅਵਤ

## ਪ੍ਰਸ਼ਨ ਅਤੇ ਉੱਤਰ

**1. ਪ੍ਰਮਾਤਮਾ ਸਾਰੇ ਦੁਸ਼ਟ ਲੋਕਾਂ ਨੂੰ ਕਿਉਂ ਨਹੀਂ ਮਿਟਾ ਦਿੰਦੇ?**

ਪ੍ਰਮਾਤਮਾ ਸਾਰਿਆਂ ਨੂੰ ਪਿਆਰ ਕਰਦੇ ਹਨ ਤੇ ਉਮੀਦ ਕਰਦੇ ਹਨ ਕਿ ਲੋਕ ਆਪਣੇ ਭੈੜੇ ਕੰਮਾਂ ਤੋਂ ਤੌਬਾ ਕਰਨਗੇ ਤੇ ਉਨ੍ਹਾਂ ਵੱਲ ਮੁੜਨਗੇ। ਸਾਡੇ ਵਿੱਚੋਂ ਬਹੁਤ ਸਾਰੇ ਲੋਕ ਆਪਣੇ ਦਿਲਾਂ ਵਿੱਚ ਬੁਰਾਈ ਨੂੰ ਛੁਪਾਏ ਹੋਏ ਹਨ, ਜਿਸਦਾ ਮਤਲਬ ਹੈ ਕਿ ਆਪਾਂ ਵੀ ਮਿਟ ਜਾਵਾਂਗੇ ਜੇ ਆਪਾਂ ਇਹ ਚਾਹਾਂਗੇ ਕਿ ਰੱਬ ਦੁਸ਼ਟ ਲੋਕਾਂ ਨੂੰ ਮਿਟਾ ਦੇਵੇ!




**2. ਲਗਭਗ ਸਾਰੇ ਦੇਸ਼ਾਂ ਦੀ ਹੀ ਕੋਈ ਨਾ ਕੋਈ ਕਹਾਣੀ ਹੈ ਜਦੋਂ ਲੋਕਾਂ ਦੀ ਪੂਰੀ ਨਸਲ ਨੂੰ ਮਾਰਨ ਦੀ ਕੋਸ਼ਿਸ਼ ਹੋਈ। ਤੁਹਾਡੇ ਦੇਸ਼ ਦੀ ਕੀ ਕਹਾਣੀ ਹੈ?**

ਕਈ ਦੇਸ਼ਾਂ ਨੇ ਵੱਡੀ ਮਾਤਰਾ 'ਚ ਆਦਿਵਾਸੀ ਲੋਕਾਂ ਨੂੰ ਮਾਰ ਦਿੱਤਾ, ਪਰ ਹੁਣ ਉਹ ਸੱਚਾਈ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਨੇ। ਕਲਾਸ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਵੱਲੋਂ ਪੂਰੀ ਰਿਸਰਚ ਕਰਕੇ ਰੱਖੋ ਤਾਂ ਜੋ ਤੁਸੀਂ ਆਪਣੇ ਵਿਦਿਆਰਥੀਆਂ ਨਾਲ ਇਤਿਹਾਸ ਸਾਂਝਾ ਕਰ ਸਕੋਂ। ਉਦੇਸ਼ ਇਹ ਉਜਾਗਰ ਕਰਨ ਦਾ ਹੈ ਕਿ ਬਾਈਬਲ ਦੀਆਂ ਬਹੁਤ ਸਾਰੀਆਂ ਕਹਾਣੀਆਂ ਅੱਜ ਦੀਆਂ ਕਹਾਣੀਆਂ ਨਾਲ ਮਿਲਦੀਆਂ-ਜੁਲਦੀਆਂ ਹਨ। ਬੁਰਾਈ ਉਸ ਸਮੇਂ ਮਨੁੱਖਾਂ ਦੇ ਦਿਲਾਂ ਵਿੱਚ ਸੀ, ਜਿਵੇਂ ਕਿ ਅੱਜ ਵੀ ਹੈ।

**3. ਕੀ ਬੱਚੇ ਸ਼ੁੱਧ ਅਤੇ ਪਾਪ ਰਹਿਤ ਪੈਦਾ ਹੁੰਦੇ ਹਨ?**

ਬਾਈਬਲ ਦੇ ਅਨੁਸਾਰ, ਆਪਾਂ ਪਾਪ ਵਿੱਚ ਪੈਦਾ ਹੋਏ ਹਾਂ, ਇਸ ਲਈ ਬੱਚੇ ਜਦੋਂ ਜਨਮ ਲੈਂਦੇ ਹਨ ਤਾਂ ਉਹ ਸ਼ੁੱਧ ਨਹੀਂ ਹੋਣਗੇ, ਸਗੋਂ ਜੰਮਦਿਆਂ ਤੋਂ ਹੀ ਉਨ੍ਹਾਂ ਦੇ ਦਿਲਾਂ 'ਚ ਪਾਪ ਹੋਵੇਗਾ। ਬਾਈਬਲ ਦੇ ਅਨੁਸਾਰ, ਜੇ ਬੱਚਾ ਸ਼ੁੱਧ ਨਹੀਂ ਹੈ, ਤੇ ਪਾਪ ਵਿੱਚ ਪੈਦਾ ਹੋਇਆ ਹੈ ਤਾਂ ਕੀ ਇਸਦਾ ਮਤਲਬ ਇਹ ਹੈ ਕਿ ਬੱਚਾ ਨਰਕ ਨੂੰ ਜਾਵੇਗਾ? ਕਈ ਲੋਕ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ, ਇਸ ਲਈ ਉਹ ਕੁਝ ਸਮੇਂ ਲਈ ਸੋਚਦੇ ਹਨ ਕਿ ਬੱਚੇ ਸ਼ੁੱਧ ਹੁੰਦੇ ਹਨ। ਪਰ ਆਪਾਂ ਸਭ ਜਾਣਦੇ ਹਾਂ ਕਿ 1 ਜਾਂ 2 ਸਾਲ ਦੇ ਬੱਚੇ ਭਿਆਨਕ ਕੰਮ ਕਰਦੇ ਹਨ ਤੇ ਉਨ੍ਹਾਂ ਨੂੰ ਅਨੁਸ਼ਾਸਿਤ ਹੋਣ ਦੀ ਲੋੜ ਹੁੰਦੀ ਹੈ। ਪਾਪ ਆਪਣੇ ਦਿਲਾਂ 'ਚ ਕਦੋਂ ਦਾਖਲ ਹੁੰਦਾ ਹੈ?

## ਅਖਾੜੇ ਦੇ ਵਿੱਚ ੭

ਇਸ ਹਫਤੇ, ਕਿਸੇ ਨੂੰ ਅਜਿਹੇ ਵਿਅਕਤੀ ਤੋਂ ਬਚਾਓ ਜੋ ਬਿਨਾਂ ਕਾਰਨ ਉਹਨਾਂ ਲਈ ਮਾੜਾ ਵਰਤਾਓ ਕਰ ਰਿਹਾ ਹੈ। ਕਿਸੇ ਹੋਰ ਦੀ ਰੱਖਿਆ ਕਰਕੇ, ਅਸੀਂ ਆਪਣੇ ਅੰਦਰ ਵੀ ਇਸ ਪਾਪ ਨਾਲ ਲੜ ਪਾਵਾਂਗੇ। ਕਿਸੇ ਹੋਰ ਦੀ ਮਦਦ ਕਰਨ ਲਈ ਆਪਣੀ ਸਾਖ ਨੂੰ ਖਤਰੇ ਵਿੱਚ ਪਾਓ।




# 10. ਭਲਾਈ ਜਾਂ ਬੇਰੁਖ਼ੀ

**ਬਾਈਬਲ ਦੀ ਕਹਾਣੀ: ਸੋਡਮ ਤੇ ਗੋਮੋਰਾਹ**

**ਉਤਪੱਤੀ 18:16-33**

## ਨਾਟਕ 10


ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡ ਵਿਚਕਾਰ ਇੱਕ ਬਹਿਸ ਹੋ ਜਾਂਦੀ ਹੈ। ਵਿਲੀ ਸਕੂਲ 'ਚ ਆਏ ਨਵੇਂ ਮੁੰਡੇ ਨੂੰ ਆਪਣੇ ਨਾਲ ਖੇਡਣ ਲਈ ਬੁਲਾਉਣਾ ਚਾਹੁੰਦਾ ਹੈ। ਫ੍ਰੈਡ ਕਹਿੰਦਾ ਹੈ ਕਿ ਉਸ ਮੁੰਡੇ ਤੋਂ ਉਸਨੂੰ ਕੀ, ਉਹ ਤਾਂ ਉਸਨੂੰ ਜਾਣਦਾ ਵੀ ਨਹੀਂ। ਵਿਲੀ ਕਹਿੰਦਾ ਹੈ ਕਿ ਉਨ੍ਹਾਂ ਨੂੰ ਨਵੇਂ ਮੁੰਡੇ ਨਾਲ ਚੰਗੇ ਪੇਸ਼ ਆਉਣਾ ਚਾਹੀਦਾ ਹੈ ਭਾਵੇਂ ਉਹ ਅਜੇ ਦੋਸਤ ਨਹੀਂ ਬਣੇ ਤੇ ਉਹ ਉਸਨੂੰ ਤੋਹਫ਼ਾ ਦਿੰਦਾ ਹੈ।

## ਯਾਦਦਾਸ਼ਤ ਤੁਕ 10

"ਹੁੱਸਣ ਵਾਲੇ ਲਈ ਮਿੱਤ੍ਰ ਵੱਲੋਂ ਦਯਾ ਹੋਣੀ ਚਾਹੀਦੀ ਹੈ, ਭਾਵੇਂ ਉਹ ਸਰਬ ਸ਼ਕਤੀਮਾਨ ਦਾ ਭੈ ਵੀ ਛੱਡ ਬੈਠਾ ਹੋਵੇ।"

ਅੱਯੂਬ 6:14

## ਮੁੱਖ ਪਾਠ 10




ਇਸ ਹਫਤੇ ਆਪਣੀ ਮੈਚ ਫਾਈਟ ਹੋਵੇਗੀ ਭਲਾਈ ਤੇ ਬੇਰੁਖ਼ੀ ਵਿਚਕਾਰ। ਨੈਤਿਕ ਉੱਤਮਤਾ ਤੇ ਨੇਕੀ ਦੇ ਗੁਣ ਅਕਸਰ ਭਲਾਈ ਨਾਲ ਜੁੜੇ ਹੁੰਦੇ ਹਨ। ਹਾਲਾਂਕਿ, ਸੱਚੀ ਭਲਾਈ ਤਾਂ ਉਦੋਂ ਮੰਨੀ ਜਾਂਦੀ ਹੈ ਜਦੋਂ ਆਪਾਂ ਦੂਜਿਆਂ ਦੀ ਪਰਵਾਹ ਕਰੀਏ। ਪਰ ਵਿੱਚ ਆ ਜਾਂਦੀ ਹੈ ਬੇਰੁਖ਼ੀ, ਜੋ ਆਪਣੀ ਭਲਾਈ ਨੂੰ ਰੋਕਣ ਦੀ ਕੋਸ਼ਿਸ਼ ਕਰਦੀ ਹੈ। ਬੇਰੁਖ਼ੀ ਦੌਰਾਨ ਨਾ ਤਾਂ ਕੁਝ ਕਰਨ ਦਾ ਜਨੂੰਨ ਹੁੰਦਾ ਹੈ, ਨਾ ਜਜ਼ਬਾਤ ਹੁੰਦੇ ਨੇ, ਤੇ ਨਾ ਹੀ ਕੋਈ ਉਤਸ਼ਾਹ ਰਹਿੰਦਾ ਹੈ। ਇਨਸਾਨ ਦੂਜਿਆਂ ਦੀ ਪਰਵਾਹ ਨਹੀਂ ਕਰਦਾ ਤੇ ਰੁਚੀ ਘਟਦੀ ਜਾਂਦੀ ਹੈ। ਬਾਈਬਲ ਕਹਿੰਦੀ ਹੈ ਕਿ ਇੱਕ ਦਿਨ ਪ੍ਰਮਾਤਮਾ ਅਬਰਾਹਮ ਅੱਗੇ ਖੁਦ-ਬ-ਖੁਦ ਪ੍ਰਗਟ ਹੋਏ। ਉਹ ਦਰੱਖਤ ਕੋਲ ਖੜ੍ਹਾ ਸੀ, ਜਦੋਂ ਉਸਨੇ ਆਪਣੇ ਕੋਲ ਤਿੰਨ ਆਦਮੀਆਂ ਨੂੰ ਦੇਖਿਆ। ਦੋ ਦੂਤ ਸਨ ਤੇ ਤੀਜੇ ਪ੍ਰਮਾਤਮਾ ਖੁਦ ਸਨ। (19:1, 18:1,13,17,20,26,33) ਜਦੋਂ ਉਸਨੇ ਉਨ੍ਹਾਂ ਨੂੰ ਭੋਜਨ ਖਵਾਇਆ, ਤਾਂ ਉਨ੍ਹਾਂ ਨੇ ਅਬਰਾਹਮ ਨਾਲ ਖਾਸ ਵਾਅਦੇ ਕੀਤੇ, ਤੇ ਉਨ੍ਹਾਂ ਨੇ ਉਸ ਨਾਲ ਆਪਣੀਆਂ ਯੋਜਨਾਵਾਂ ਸਾਂਝੀਆਂ ਕਰਨ ਦਾ ਫੈਸਲਾ ਕੀਤਾ। ਦੋ ਸ਼ਹਿਰ, ਸੋਡਮ ਤੇ ਗੋਮੋਰਾਹ, ਇੰਨੇ ਦੁਸ਼ਟ ਹੋ ਗਏ ਸਨ ਕਿ ਪ੍ਰਮਾਤਮਾ ਖੁਦ ਸਵਰਗ ਤੋਂ ਹੇਠਾਂ ਆਏ ਤੇ ਉਨ੍ਹਾਂ ਨੇ ਉਨ੍ਹਾਂ ਦੋ ਸ਼ਹਿਰਾਂ ਨੂੰ ਤਬਾਹ ਕਰਨ ਦਾ ਫੈਸਲਾ ਲਿਆ। ਅਬਰਾਹਮ ਬੋਲਿਆ, "ਕੀ ਤੁਸੀਂ ਦੁਸ਼ਟਾਂ ਦੇ ਨਾਲ ਚੰਗੇ ਲੋਕਾਂ ਦਾ ਵੀ ਸਫਾਇਆ ਕਰ ਦਿਓਗੇ? ਜੇ ਸ਼ਹਿਰ ਵਿੱਚ ਪੰਜਾਹ ਚੰਗੇ ਲੋਕ ਹੋਏ ਤਾਂ ਫੇਰ ਕੀ ਕਰੋਗੇ? ਕੀ ਤੁਸੀਂ ਪੂਰਾ ਸਫਾਇਆ ਕਰ ਦਿਓਗੇ ਤੇ ਸ਼ਹਿਰ ਨੂੰ ਨਹੀਂ ਬਖ਼ਸ਼ੋਗੇ?" ਚੰਗੀ ਗੱਲ ਹੈ ਕਿ ਅਬਰਾਹਮ ਨੇ ਦੂਜਿਆਂ ਲਈ ਹਮਦਰਦੀ ਦਿਖਾਈ ਤੇ ਫਿਕਰ ਜਤਾਇਆ। ਬੇਰੁਖ਼ੀ ਵੀ ਦੇਖਣ ਨੂੰ ਮਿਲ ਸਕਦੀ ਸੀ, ਉਸ ਸ਼ਹਿਰ ਬਾਰੇ ਕਿਸੇ ਨੇ ਨਾ ਫਿਕਰ ਜਤਾਇਆ ਹੁੰਦਾ ਤਾਂ ਉਸਦਾ ਨਾਸ਼ ਹੋ ਜਾਣਾ ਸੀ। ਬੇਰੁਖ਼ੀ ਨੇ ਤਾਂ ਬਸ ਕਹਿ ਦੇਣਾ ਸੀ, "ਦੱਸ ਮੈਨੂੰ ਕੀ।" ਉਹ ਇਹ ਵੀ ਕਹਿ ਸਕਦਾ ਸੀ, "ਚੰਗਾ ਮੈਂ ਕਿਹੜਾ ਉਥੇ ਰਹਿੰਦਾ ਹਾਂ।" ਪਰ, ਅਬਰਾਹਮ ਨੇ ਚੰਗਿਆਈ ਦਿਖਾਈ, ਉਹ ਪ੍ਰਮਾਤਮਾ ਕੋਲੇ ਗਿਆ ਤੇ ਉਸਨੇ ਅਰਜ਼ ਬੇਨਤੀ ਕੀਤੀ ਕਿ ਜੇਕਰ ਉਨ੍ਹਾਂ ਸ਼ਹਿਰਾਂ ਵਿੱਚ 50 ਚੰਗੇ ਬੰਦੇ ਨੇ ਤਾਂ ਉਨ੍ਹਾਂ ਸ਼ਹਿਰਾਂ ਨੂੰ ਬਖ਼ਸ਼ ਦਿੱਤਾ ਜਾਵੇ। ਪ੍ਰਮਾਤਮਾ ਤੇ ਅਬਰਾਹਮ ਇੱਕ ਤੇ ਇੱਕ ਚਰਚਾ ਕਰਦੇ ਨੇ, ਜਿੱਥੇ ਅਬਰਾਹਮ ਆਪਣੀ ਗੱਲ ਨੂੰ ਵਾਰ-ਵਾਰ ਮੂਹਰੇ ਰੱਖਦਾ ਹੈ। ਉਹ ਪਹਿਲਾਂ ਤਾਂ ਕਹਿੰਦਾ ਹੈ ਕਿ ਜੇ ਪ੍ਰਮਾਤਮਾ 50 ਚੰਗੇ ਲੋਕਾਂ ਦੇ ਹੋਣ 'ਤੇ ਸ਼ਹਿਰਾਂ ਨੂੰ ਬਖ਼ਸ਼ ਦੇਣਗੇ ਜਾਂ ਨਹੀਂ, ਪਰ ਬਾਅਦ

ਵਿਚ ਉਹ ਸੰਖਿਆ ਘਟਾਉਂਦਾ ਜਾਂਦਾ ਹੈ। ਬਾਅਦ ਵਿੱਚ ਅਬਰਾਹਮ ਪ੍ਰਮਾਤਮਾ ਨੂੰ ਕਹਿੰਦਾ ਹੈ ਕਿ ਜੇ 40 ਚੰਗੇ ਬੰਦੇ ਵੀ ਹੋਏ ਤਾਂ ਵੀ ਉਹ ਆਪਣੀ ਦਇਆ ਦਿਖਾਉਣ। ਫਿਰ ਉਹ ਕਹਿੰਦਾ ਹੈ ਕਿ ਜੇ 30 ਬੰਦੇ ਹੋਏ ਤਾਂ ਪ੍ਰਮਾਤਮਾ ਦਇਆ ਦਿਖਾਉਣ। ਅਬਰਾਹਮ ਲੱਗਿਆ ਹੀ ਰਹਿੰਦਾ ਹੈ, ਤੇ ਫਿਰ ਪ੍ਰਮਾਤਮਾ ਤੋਂ ਪੁੱਛਦਾ ਹੈ ਕਿ ਕੀ ਉਹ 20 ਚੰਗੇ ਲੋਕਾਂ ਲਈ ਉਨ੍ਹਾਂ ਸ਼ਹਿਰਾਂ ਨੂੰ ਬਖ਼ਸ਼ ਸਕਦੇ ਹਨ। ਅਖੀਰ 'ਚ ਅਬਰਾਹਮ ਪ੍ਰਮਾਤਮਾ ਨੂੰ ਸਵਾਲ ਕਰਦਾ ਹੈ, "ਫੇਰ ਕੀ ਜੇ ਉਥੇ 10 ਹੀ ਚੰਗੇ ਲੋਕ ਮਿਲੇ ਤਾਂ?" ਪ੍ਰਮਾਤਮਾ ਉਸਦੇ ਇੱਕ ਤੋਂ ਇੱਕ ਸਵਾਲਾਂ ਦੇ ਜਵਾਬ ਦਿੰਦੇ ਰਹਿੰਦੇ ਹਨ, ਤੇ ਕਹਿੰਦੇ ਹਨ ਕਿ ਜੇ ਉਨ੍ਹਾਂ ਨੂੰ 10 ਚੰਗੇ ਲੋਕ ਮਿਲ ਗਏ ਤਾਂ ਉਹ ਉਨ੍ਹਾਂ ਸ਼ਹਿਰਾਂ ਨੂੰ ਨਸ਼ਟ ਨਹੀਂ ਕਰਨਗੇ। ਗੱਲਬਾਤ ਹੋ ਹਟਦੀ ਹੈ, ਅਬ੍ਰਾਹਮ ਵਾਪਸ ਘਰ ਪਰਤਦਾ ਹੈ। ਅਫ਼ਸੋਸ ਦੀ ਗੱਲ ਇਹ ਹੋਈ ਕਿ ਉਥੇ 10 ਚੰਗੇ ਲੋਕ ਵੀ ਨਹੀਂ ਸਨ, ਤੇ ਇਸ ਲਈ ਪ੍ਰਮਾਤਮਾ ਉਨ੍ਹਾਂ ਸ਼ਹਿਰਾਂ ਨੂੰ ਤਬਾਹ ਕਰਨ ਦਾ ਫੈਸਲਾ ਕਰਦੇ ਹਨ। ਅਬਰਾਹਾਮ ਦਾ ਕੁਝ ਪਰਿਵਾਰ ਸੋਡਮ ਵਿੱਚ ਰਹਿੰਦਾ ਸੀ: ਲੋਟ ਤੇ ਉਸਦਾ ਪਰਿਵਾਰ। ਪ੍ਰਮਾਤਮਾ ਦੇ ਦੂਤ ਲੋਟ ਦੇ ਘਰ ਗਏ ਤੇ ਉਨ੍ਹਾਂ ਨੂੰ ਬਚਣ ਵਿੱਚ ਮਦਦ ਕੀਤੀ। ਫ਼ੇਰ ਪ੍ਰਮਾਤਮਾ ਨੇ ਅੱਗ ਭੇਜੀ ਤੇ ਉਨ੍ਹਾਂ ਸ਼ਹਿਰਾਂ ਨੂੰ ਤੇ ਉਨ੍ਹਾਂ ਸਾਰੇ ਇਲਾਕਿਆਂ ਨੂੰ ਤਬਾਹ ਕਰ ਦਿੱਤਾ। ਅਬਰਾਹਾਮ ਨੇ ਦੂਜਿਆਂ ਦੀਆਂ ਜਾਨਾਂ ਬਚਾਉਣ ਲਈ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਦਿੱਤਾ। ਉਹਦੇ ਚੰਗੇ ਦਿਲ ਨੇ ਬੇਰੁਖ਼ੀ ਨੂੰ ਆਪਣੇ ਅੰਦਰ ਆਉਣ ਹੀ ਨਹੀਂ ਦਿੱਤਾ; ਉਹ ਇੱਕ ਅਜਿਹਾ ਵਿਅਕਤੀ ਸੀ ਜੋ ਦੂਜਿਆਂ ਦੀ ਪਰਵਾਹ ਕਰਦਾ ਸੀ। ਕੀ ਤੁਸੀਂ ਆਪਣੇ ਜੀਵਨ ਵਿੱਚ ਬੇਰੁਖ਼ੀ ਨਾਲ ਲੜ ਸਕਦੇ ਹੋ, ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਦੀ ਫਿਕਰ ਕਰ ਸਕਦੇ ਹੋ?


## ਯਾਦਦਾਸ਼ਤ ਤੁਕ ਖੇਡ 10

**ਕਰ ਕੇ ਦਿਖਾਓ**

ਹਿੱਲ-ਜੁੱਲ ਕੇ ਤੇ ਸੰਕੇਤਾਂ ਨਾਲ ਯਾਦਦਾਸ਼ਤ ਤੁਕ ਦਰਸਾਓ। ਇਹ ਇੱਕ ਸ਼ਾਨਦਾਰ ਖੇਡ ਹੈ ਕਿਉਂਕਿ ਇਹ ਦਿਖਾਈ ਦਿੰਦੀ ਹੈ, ਸੁਣਦੀ ਹੈ ਤੇ ਕਿਰਿਆਸ਼ੀਲ ਤਾਂ ਹੈ ਹੀ।



## ਪਜ਼ਲ ਦੇ ਉੱਤਰ 10





| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਕ੍ਰੈ | ਭ | ਅ | ਵ | ਖ਼ੀ | ਮਾ | ਤ | ਮਾ | ਪ੍ਰ | ਘਾ | ਨਾ | ਦੀ | ਰਾ | ਕ੍ਰੈ | ਖ਼ੀ | ਰੁ | ਬੇ |
| ਨਾ | ਹ | ਰਾ | ਤ | ਦੂ | ਨੂੰ | ਫ | ਭ | ਰ | ਦੂ | ਅ | ਰ | ਫ | ਵ | ਦੂ | ਰ | ਅ |
| ਘਾ | ਸ਼ਾ | ਮ | ਦੂ | ਭ | ਰ | ਨਾ | ਕ੍ਰੈ | ਮ | ਲਾ | ਘਾ | ਦ | ਨਾ | ਨ | ਨੂੰ | ਜ | ਖ਼ੀ |
| ਖ਼ੀ | ਤ | ਲਾ | ਦ | ਸ਼ | ਕ੍ਰੈ | ਦ | ਹ | ਖ਼ੀ | ਲ | ਕ੍ਰੈ | ਮ | ਮ | ਭ | ਲਾ | ਕ੍ਰੈ | ਟ |
| ਘਾ | ਉ | ਵ | ਨਾ | ਮ | ਘਾ | ਰਾ | ਰਾ | ਨਾ | ਦਿ | ਨੂੰ | ਹ | ਦਿ | ਰ | ਟ | ਮ | ਘਾ |
| ਅ | ਫ | ਦੂ | ਰ | ਘਾ | ਬ | ਭ | ਦ | ਦੂ | ਲਾ | ਘਾ | ਵ | ਰਾ | ਭ | ਕ | ਦੂ | ਫ |
| ਭ | ਲਾ | ਈ | ਕ੍ਰੈ | ਅ | ਨੂੰ | ਅ | ਰ | ਹਿ | ਸ਼ | ਖ਼ੀ | ਰ | ਹੇ | ਫ | ਨਾ | ਫ | ਅ |

ਭਲਾਈ ਫਿਕਰ ਹੋਰ ਬੇਰੁਖ਼ੀ ਘਾਟ ਜਨੂੰਨ ਉਤਸ਼ਾਹ ਪ੍ਰਮਾਤਮਾ ਅਬਰਾਹਮ ਦੂਤ ਨਸ਼ਟ ਕਰਨਾ ਸ਼ਹਿਰ ਹਮਦਰਦੀ ਦਿਲ

## ਪ੍ਰਸ਼ਨ ਅਤੇ ਉੱਤਰ 10

**ਤੁਸੀਂ ਕੀ ਕਰੋਗੇ ਜੇ ਪ੍ਰਮਾਤਮਾ ਖੁਦ ਤੁਹਾਡੇ ਘਰ ਦਰਸ਼ਨ ਲਈ ਆਉਣ? ਪ੍ਰਮਾਤਮਾ ਨੂੰ ਮਿਲਕੇ ਕਿੰਨਾ ਚੰਗਾ ਲੱਗੇਗਾ? ਸ਼ਾਇਦ ਤੁਸੀਂ ਪ੍ਰਮਾਤਮਾ ਲਈ ਚੰਗਾ ਖਾਣਾ ਬਣਾਉਂਗੇ, ਜਾਂ ਉਨ੍ਹਾਂ ਨੂੰ ਕਿਸੇ ਚੰਗੇ ਰੈਸਟੋਰੈਂਟ ਵਿੱਚ ਲੈ ਜਾਉਂਗੇ, ਪ੍ਰਮਾਤਮਾ ਦੇ ਸੌਣ ਲਈ ਬਿਸਤਰਾ ਤਿਆਰ ਕਰੋਗੇ, ਅਤੇ ਚਰਚ ਦੇ ਮੈਂਬਰਾਂ ਨੂੰ ਇਕੱਠੇ ਪੂਜਾ ਕਰਨ ਲਈ ਘਰ ਬੁਲਾਉਂਗੇ?**




**2. ਤੁਹਾਡੇ ਆਂਢ-ਗੁਆਂਢ ਵਿੱਚ ਕਿਹੜੀ ਬੇਰੁਖ਼ੀ ਹੈ? ਕੀ ਲੋਕ ਕਹਿੰਦੇ ਹਨ, "ਦੱਸ ਮੈਨੂੰ ਕੀ?"**

ਆਪਣੇ ਭਾਈਚਾਰੇ ਦੀਆਂ ਗੱਲਾਂ ਦੱਸੋ ਤੇ ਦੱਸੋ ਕਦੋਂ ਗੁਆਂਢੀ ਦੂਜਿਆਂ ਦੀਆਂ ਸਮੱਸਿਆਵਾਂ ਵਿੱਚ ਸ਼ਾਮਲ ਹੋਣ ਤੋਂ ਪਰਹੇਜ਼ ਕਰਨਗੇ। ਜੇ ਤੁਹਾਨੂੰ ਕਿਸੇ ਗੱਲ ਵਿੱਚ ਪੈਣਾ ਪਵੇ, ਤਾਂ ਕੀ ਤੁਹਾਨੂੰ ਕੋਈ ਸਜ਼ਾ ਸਹਿਣੀ ਪਵੇਗੀ?

**3. ਕੀ ਦੂਤ ਸੱਚਮੁੱਚ ਹੁੰਦੇ ਨੇ? ਕੀ ਇਸ ਸਮੇਂ ਸਾਡੀ ਕਲਾਸ ਵਿੱਚ ਕੋਈ ਦੂਤ ਹੈ?**

ਆਪਣੇ ਵਿਦਿਆਰਥੀਆਂ ਨਾਲ ਇਸ ਗੱਲ 'ਤੇ ਚਰਚਾ ਕਰੋ ਕਿ ਕੀ ਉਹ ਸੱਚਮੁੱਚ ਦੂਤਾਂ ਵਿੱਚ ਵਿਸ਼ਵਾਸ ਕਰਦੇ ਹਨ। ਜੇ ਦੂਤ ਉੱਥੇ ਹੁੰਦਾ, ਤਾਂ ਕੀ ਉਹ ਉਸਨੂੰ ਕਲਾਸ ਵਿੱਚ ਦੇਖ ਪਾਉਂਦੇ? ਦੂਤਾਂ ਬਾਰੇ ਹੋਰ ਜਾਣਨ ਲਈ ਬਾਈਬਲ ਦੀਆਂ ਉਹ ਤੁਕਾਂ ਦੇਖੋ ਜੋ ਦੂਤਾਂ ਬਾਰੇ ਗੱਲਾਂ ਦੱਸਦੀਆਂ ਹਨ।

## ਅਖਾੜੇ ਦੇ ਵਿੱਚ 10

ਇਸ ਹਫਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰੋ ਤੇ ਕਹੋ ਕਿ ਉਹ ਤੁਹਾਡੇ ਦਿਲ ਅੰਦਰ ਜਨੂੰਨ ਵਧਾਉਣ। ਤੁਸੀਂ ਦੂਜਿਆਂ ਲਈ ਕੁਝ ਕਰ ਕੇ ਆਪਣੇ ਜਨੂੰਨ ਨੂੰ ਵਧਾ ਸਕਦੇ ਹੋ, ਕੁਝ ਅਜਿਹਾ ਲੱਭੋ ਜੋ ਤੁਸੀਂ ਦੂਜਿਆਂ ਲਈ ਕਰ ਸਕੋਂ। ਕਿਸੇ ਮੰਤਰਾਲੇ 'ਚ ਜਾਓ ਤੇ ਦੇਖੋ ਕਿ ਉਹ ਕੀ ਕਰ ਰਹੇ ਨੇ, ਕਿਸੇ ਆਸਰਾ ਦੀ ਮਦਦ ਕਰੋ ਜੋ ਅਗਾਂਹ ਦੂਜਿਆਂ ਨੂੰ ਖਾਣਾ ਦੇਕੇ ਉਨ੍ਹਾਂ ਦੀ ਮਦਦ ਕਰਦੇ ਨੇ, ਜਾਂ ਵੀਡੀਓ ਦੇਖੋ ਜਿਸ ਨਾਲ ਤੁਹਾਨੂੰ ਪਤਾ ਲੱਗੇਗਾ ਕਿ ਪੂਰੀ ਦੁਨੀਆ ਭਰ ਵਿੱਚ ਕੀ ਕਰਨ ਦੀ ਲੋੜ ਹੈ। ਜਿੱਥੇ-ਜਿੱਥੇ ਤੁਸੀਂ ਮਦਦ ਕਰ ਸਕੋ ਉਥੇ ਮਦਦ ਕਰੋ।



# 11. ਭਲਾਈ ਜਾਂ ਬੁਰਾਈ

**ਬਾਈਬਲ ਦੀ ਕਹਾਣੀ: ਹੈਰਡ ਤੇ ਜੌਹਨ ਦ ਬੈਪਟਿਸਟ**

**ਲਿਊਕ 3:18-20, ਮੈਥਿਊ 14:1-12**

## ਨਾਟਕ 11

ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡਰੇਡੀਓ ਦੀ ਇੱਕ ਰਿਪੋਰਟ ਸੁਣਦੇ ਹਨ ਕਿ ਗੁੰਡਿਆਂ ਨੇ ਹਿੰਸਾ ਕੀਤੀ ਤੇ ਕੁਝ ਨਿਰਦੋਸ਼ ਲੋਕ ਮਾਰੇ ਗਏ। ਫ੍ਰੈਡ ਪਰੇਸ਼ਾਨ ਹੋ ਜਾਂਦਾ ਹੈ ਤੇ ਚਿੰਤਤ ਹੋਕੇ ਕੰਬਲ ਪਿੱਛੇ ਲੁਕ ਜਾਂਦਾ ਹੈ। ਵਿਲੀ ਫ੍ਰੈਡ ਨੂੰ ਯਾਦ ਦਿਵਾਉਂਦਾ ਹੈ ਕਿ ਪੂਰਾ ਨਿਯੰਤਰਣ ਆਖਰਕਾਰ ਪ੍ਰਮਾਤਮਾ ਦੇ ਹੱਥ ਵਿੱਚ ਹੀ ਹੈ ਅਤੇ ਬੁਰਾਈ ਨੂੰ ਸਜ਼ਾ ਮਿਲੇਗੀ ਤੇ ਚੰਗਿਆਈ ਨੂੰ ਇਨਾਮ ਮਿਲੇਗਾ।

## ਯਾਦਦਾਸ਼ਤ ਤੁਕ 11

" ਬਦੀ ਤੋਂ ਹਟ ਜਾਹ ਅਤੇ ਨੇਕੀ ਕਰ, ਮੇਲ ਨੂੰ ਭਾਲ ਅਤੇ ਉਹ ਦਾ ਪਿੱਛਾ ਕਰ।" ਜ਼ਬੂਰਾਂ ਦੀ ਪੋਥੀ 34:14

## ਮੁੱਖ ਪਾਠ 11




ਦੁਨੀਆ ਵਿੱਚ ਬੁਰਾਈ ਹੈ। ਆਦਮੀ ਤੇ ਔਰਤ ਕਿਸੇ ਵੀ ਸਮੇਂ ਆਪਣਾ ਦਿਲ ਦੁਖਾ ਸਕਦੇ ਨੇ, ਪਰ ਆਪਾਂ ਹਮੇਸ਼ਾ ਪ੍ਰਮਾਤਮਾ 'ਤੇ ਭਰੋਸਾ ਰੱਖੀਏ। ਜਦੋਂ ਦਾ ਇਸ ਦੁਨੀਆ 'ਤੇ ਪਾਪ ਨੇ ਜਨਮ ਲਿਆ ਹੈ, ਉਦੋਂ ਦੀ ਹਰੇਕ ਬੰਦੇ ਦੇ ਦਿਲ 'ਚ ਬੁਰਾਈ ਹੈ। ਪਰ, ਕੁਝ ਇਨਸਾਨ ਬੁਰਾਈ ਨਾਲ ਲਗਾਤਾਰ ਲੜਦੇ ਰਹਿੰਦੇ ਨੇ, ਤੇ ਚੰਗੀ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਨੇ। ਜਦੋਂ ਕਿ ਦੂਜੇ ਲੋਕ ਬੁਰਾਈ ਨਾਲ ਬਿਲਕੁਲ ਵੀ ਨੀ ਲੜਦੇ, ਸਗੋਂ ਉਨ੍ਹਾਂ ਨੂੰ ਬੁਰਾਈ ਭਰਿਆ ਜੀਵਨ ਜਿਉਂ ਕੇ ਮਜ਼ਾ ਆਉਂਦਾ ਹੈ। ਆਪਾਂ ਸਾਰੇ ਆਪਣੇ ਦਿਲਾਂ ਅੰਦਰ ਬੁਰਾਈ ਨਾਲ ਲੜਦੇ ਹਾਂ; ਭਾਵੇਂ ਥੋੜ੍ਹੀ ਹੀ ਬੁਰਾਈ ਕਿਉਂ ਨਾ ਹੈ, ਹੈ ਤਾਂ ਇਹ ਅੰਦਰ ਹੀ ਨਾ।

ਅੱਜ ਦੀ ਬਾਈਬਲ ਦੀ ਕਹਾਣੀ ਵਿੱਚ, ਆਪਾਂ ਇੱਕ ਵਿਅਕਤੀ ਦੇਖਾਂਗੇ ਜੋ ਬੁਰਾਈ ਭਰਿਆ ਜੀਵਨ ਜਿਉਂਦਾ ਹੈ। ਹੈਰਡ ਦ ਟੈਟਰਕ ਨੇ ਕਈ ਬੁਰੇ ਕੰਮ ਕੀਤੇ, ਪਰ ਜਦੋਂ ਜੌਹਨ ਦ ਬੈਪਟਿਸਟ ਨੇ ਉਸਨੂੰ ਝਿੜਕਿਆ, ਤਾਂ ਹੈਰਡ ਨੇ ਜੌਹਨ ਨੂੰ ਜੇਲ ਵਿੱਚ ਬੰਦ ਕਰ ਦਿੱਤਾ!

ਹੈਰਡ ਨੇ ਆਪਣੇ ਹੀ ਭਰਾ ਦੀ ਪਤਨੀ ਹੈਰੋਡੀਅਸ ਨੂੰ ਆਪਣੇ ਵੱਲ ਲੈ ਆਂਦਾ ਸੀ ਤੇ ਇਸ ਕਰਕੇ ਜੌਹਨ ਨੇ ਉਸਨੂੰ ਝਿੜਕਿਆ ਸੀ। ਜਿਸ ਤੋਂ ਬਾਅਦ ਹੈਰਡ ਨੇ ਉਸਨੂੰ ਬੰਨ੍ਹ ਲਿਆ, ਤੇ ਗਿਰਫ਼ਤਾਰ ਕਰ ਲਿਆ। ਹੈਰਡ ਦੇ ਜਨਮਦਿਨ ਦੀ ਪਾਰਟੀ ਦੌਰਾਨ, ਹੈਰੋਡੀਅਸ ਦੀ ਧੀ ਨੇ ਉਹਨਾਂ ਲਈ ਡਾਂਸ ਕੀਤਾ, ਤੇ ਹੈਰਡ ਇੰਨਾ ਖੁਸ਼ ਹੋਇਆ ਕਿ ਉਸਨੇ ਉਸਨੂੰ ਉਹ ਸਭ ਦਿੱਤਾ ਜੋ ਉਹ ਚਾਹੁੰਦੀ ਸੀ। ਉਸਦੀ ਮਾਂ ਦੇ ਸਿਖਾਏ ਹੋਣ ਕਰਕੇ, ਉਸ ਬੱਚੀ ਨੇ ਮੰਗ ਕੀਤੀ ਕਿ ਜੌਹਨ ਦ ਬੈਪਟਿਸਟ ਨੂੰ ਮਾਰਿਆ ਜਾਵੇ। ਹੈਰਡ ਨੂੰ ਲੱਗਿਆ ਉਹਦੇ ਕੋਲ ਹੋਰ ਕੋਈ ਵਿਕਲਪ ਨਹੀਂ ਹੈ ਇਸ ਲਈ ਉਸਨੇ ਇਹ ਕਰ ਦਿਖਾਇਆ। (ਵੱਡੇ ਵਿਦਿਆਰਥੀਆਂ ਨੂੰ, ਤੁਸੀਂ ਦੱਸ ਸਕਦੇ ਹੋ ਕਿ ਉਸਨੇ ਜੌਹਨ ਦ ਬੈਪਟਿਸਟ ਦਾ ਸਿਰ ਕਲਮ ਕਰਕੇ ਪਾਰਟੀ 'ਚ ਲਿਆਉਣ ਨੂੰ ਤੇ ਥਾਲੀ 'ਚ ਰੱਖਣ ਨੂੰ ਕਿਹਾ।) ਇਸ ਬਾਈਬਲ ਦੀ ਕਹਾਣੀ ਵਿੱਚ ਜੋ ਹੋਇਆ ਉਹ ਬਹੁਤ ਹੀ ਭਿਆਨਕ ਹੈ। ਹਾਲਾਂਕਿ, ਜੌਹਨ ਦ ਬੈਪਟਿਸਟ ਨੇ ਉਹ ਕੰਮ ਪੂਰਾ ਕੀਤਾ ਜੋ ਪ੍ਰਮਾਤਮਾ ਨੇ ਉਸਨੂੰ ਕਰਨ ਲਈ ਕਿਹਾ ਸੀ, ਉਸਨੇ ਪ੍ਰਮਾਤਮਾ ਲਈ ਰਾਹ ਤਿਆਰ ਕੀਤਾ।

ਬਾਈਬਲ ਇਹ ਗੱਲ ਸਾਫ-ਸਾਫ ਦੱਸਦੀ ਹੈ ਕਿ ਸਵਰਗ ਵੀ ਹੈ ਤੇ ਨਰਕ ਵੀ ਹੈ। ਜਦੋਂ ਆਪਾਂ ਆਪਣੀ ਮੁਕਤੀ ਲਈ ਪ੍ਰਮਾਤਮਾ 'ਤੇ ਭਰੋਸਾ ਕਰਦੇ ਹਾਂ, ਪ੍ਰਮਾਤਮਾ ਈਸਾ ਮਸੀਹ 'ਚ ਵਿਸ਼ਵਾਸ ਰੱਖਦੇ ਹਾਂ, ਤਾਂ ਆਪਾਂ ਜਾਣ ਸਕਦੇ ਹਾਂ ਕਿ ਆਪਾਂ ਸਵਰਗ ਹੀ ਜਾਵਾਂਗੇ। ਉਹ ਜਿਹੜੇ ਭਰੋਸਾ ਨਹੀਂ ਕਰਦੇ ਉਹ ਨਰਕ ਜਾਣਗੇ। ਆਪਾਂ ਹਮੇਸ਼ਾ ਜੀਵਤ ਰਹਾਂਗੇ ਭਾਵੇਂ ਤਾਂ ਸਵਰਗ 'ਚ ਤੇ ਭਾਵੇਂ ਨਰਕ 'ਚ।


ਇਹ ਬਹੁਤ ਹੀ ਕੰਮ ਆਉਣ ਵਾਲੀ ਜਾਣਕਾਰੀ ਹੈ ਕਿਉਂਕਿ ਆਪਾਂ ਸਭ ਦਾ ਬੁਰੇ ਲੋਕਾਂ ਨਾਲ ਵਾਹ ਪੈਂਦਾ ਰਹਿੰਦਾ ਹੈ। ਦੇਖ ਕੇ ਬੜੀ ਪਰੇਸ਼ਾਨੀ ਹੁੰਦੀ ਹੈ ਜਦੋਂ ਕੋਈ ਬੁਰਾ ਇਨਸਾਨ ਆਪਣੀ ਬੁਰਾਈ ਕਰਕੇ ਖਿਸਕ ਲੈਂਦਾ ਹੈ, ਤੇ ਕੋਈ ਨਿਆਂ ਨਹੀਂ ਹੁੰਦਾ ਜਾਂ ਉਹਨੂੰ ਕੋਈ ਸਜ਼ਾ ਨਹੀਂ ਮਿਲਦੀ। ਪਰ, ਸਕੂਨ ਵਾਲੀ ਗੱਲ ਇਹ ਹੈ ਕਿ ਪੂਰੇ ਸੰਸਾਰ 'ਚ ਬੇਇਨਸਾਫ਼ੀ ਸਿਰਫ ਧਰਤੀ 'ਤੇ ਹੀ ਹੁੰਦੀ ਹੈ। ਜੇ ਆਪਾਂ ਆਪਣੀ ਮੁਕਤੀ ਲਈ ਈਸਾ ਮਸੀਹ 'ਤੇ ਵਿਸ਼ਵਾਸ ਰੱਖਿਆ ਹੋਇਆ ਤਾਂ ਮਰਨ ਤੋਂ ਬਾਅਦ, ਆਪਾਂ ਨੂੰ ਮੁਕਤੀ ਮਿਲ ਜਾਵੇਗੀ।

ਇਸ ਕਰਕੇ, ਭਾਵੇਂ ਬੁਰਾਈ ਆਪਣੇ ਆਸੇ-ਪਾਸੇ ਪੂਰੇ ਸੰਸਾਰ 'ਚ ਹੈ, ਪਰ ਮੈਨੂੰ ਬੇਫਿਕਰ ਹੋ ਜਾਣਾ ਚਾਹੀਦਾ ਹੈ ਕਿਉਂਕਿ ਇਹ ਬੁਰਾਈ ਮੇਰੀ ਰੂਹ ਨੂੰ ਨਹੀਂ ਛੂਹ ਸਕਦੀ। ਇਸ ਨਾਲ ਮੇਰੇ ਸ਼ਰੀਰ 'ਤੇ ਤਾਂ ਨੁਕਸਾਨ ਪਹੁੰਚ ਸਕਦਾ ਹੈ ਜਾਂ ਹੋ ਸਕਦਾ ਹੈ ਮੇਰੀ ਮੌਤ ਵੀ ਹੋ ਜਾਵੇ, ਪਰ ਜਦੋਂ ਮੈਂ ਜੌਹਨ ਦ ਬੈਪਟਿਸਟ ਨਾਲ ਸਵਰਗ 'ਚ ਜਾਵਾਂਗਾ, ਤਾਂ ਮੈਂ ਸਾਰੀਆਂ ਬੁਰਾਈਆਂ ਤੋਂ ਮੁਕਤ ਹੋ ਜਾਵਾਂਗਾ।


## ਯਾਦਦਾਸ਼ਤ ਤੁਕ ਖੇਡ

**ਸੰਗੀਤਮਈ ਗੇਂਦ ਵਾਲੀ ਖੇਡ**

ਸਭ ਤੋਂ ਪਹਿਲਾਂ ਤੁਕ ਯਾਦ ਕਰੋ, ਇਸਨੂੰ ਕਈ ਵਾਰ ਦੁਹਰਾਓ, ਜਾਂ ਖੇਡ ਖੇਡਦੇ ਹੋਏ ਯਾਦ ਕਰੋ। ਫਿਰ ਸੰਗੀਤ ਚਲਾਓ ਤੇ ਬੱਚਿਆਂ ਨੂੰ ਕਹੋ ਕਿ ਉਹ ਕਲਾਸ ਵਿੱਚ ਜਾਂ ਗੋਲ ਘੇਰੇ ਵਿੱਚ ਗੇਂਦ ਨੂੰ ਅੱਗੇ-ਅੱਗੇ ਪਾਸ ਕਰਨ (ਜ਼ਿਕਰ ਕਰਨ ਯੋਗ ਗੱਲ ਇਹ ਹੈ ਕਿ, "ਗੇਂਦ ਨੂੰ ਉਛਾਲ-ਉਛਾਲ ਨਹੀਂ ਸੁੱਟਣਾ")। ਜਦੋਂ ਸੰਗੀਤ ਰੁਕ ਜਾਵੇ, ਤਾਂ ਜਿਹੜੇ ਬੱਚੇ ਦੇ ਹੱਥ ਵਿੱਚ ਗੇਂਦ ਹੋਵੇ ਉਹ ਤੁਕ ਬੋਲੇ ਜਾਂ ਉਹ ਕਿਸੇ ਹੋਰ ਨੂੰ ਤੁਕ ਬੋਲਣ ਲਈ ਕਹੇ। ਤਦ ਤੱਕ ਇੰਝ ਕਰਦੇ ਰਹੋ ਜਦ ਤੱਕ ਕਿ ਹਰ ਬੱਚੇ ਨੂੰ ਤੁਕ ਬੋਲਣ ਦਾ ਮੌਕਾ ਨਾ ਮਿਲ ਜਾਵੇ।



## ਪਜ਼ਲ ਦੇ ਉੱਤਰ





| | | | | | | | | |
|---|---|---|---|---|---|---|---|---|
| ਭ | ਲਾ | ਈ | ਕ੍ਰੈ | ਅ | ਨ | ਹ | ਜੌ | ਰੇ |
| ਫਿ | ਨਿ | ਦੂ | ਟ | ਭ | ਖ਼ੀ | ਨਿ | ਕ | ਖ਼ੀ |
| ਆਂ | ਹੈ | ਮਾ | ਸ | ਵ | ਨਾ | ਰ | ਹੈ | ਕ |
| ਨਿ | ਰ | ਕ੍ਰੈ | ਟਿ | ਨਿ | ਆ | ਕ | ਰ | ਮਾ |
| ਨਾ | ਡ | ਗ | ਪ | ਤਿ | ਹੈ | ਨ | ਕ | ਤ |
| ਮੀ | ਖ਼ੀ | ਰ | ਬੈ | ਕ੍ਰੈ | ਦੂ | ਸ | ਫਿ | ਮਾ |
| ਦ | ਭ | ਵ | ਅ | ਵ | ਵਾ | ਟ | ਵ | ਪ੍ਰ |
| ਆ | ਵ | ਸ | ਦਿ | ਸ਼ | ਭ | ਈ | ਨਾ | ਕ੍ਰੈ |
| ਅ | ਕ੍ਰੈ | ਨਾ | ਵਿ | ਕ੍ਰੈ | ਫਿ | ਖ਼ੀ | ਰਾ | ਦੂ |
| ਦਿ | ਲ | ਖ਼ੀ | ਪ੍ਰ | ਮਾ | ਤ | ਮਾ | ਅ | ਬੁ |

ਭਲਾਈ ਬੁਰਾਈ ਦਿਲ ਆਦਮੀ ਵਿਸ਼ਵਾਸ ਪ੍ਰਮਾਤਮਾ ਹੈਰਡ ਜੌਹਨ ਬੈਪਟਿਸਟ ਤਿਆਰ ਕਰੋ ਪ੍ਰਮਾਤਮਾ ਸਵਰਗ ਨਰਕ ਨਿਆਂ

## ਪ੍ਰਸ਼ਨ ਅਤੇ ਉੱਤਰ

**1. ਸਵਰਗ ਕਿਹੋ ਜਿਹਾ ਹੋਵੇਗਾ ਅਤੇ ਉੱਥੇ ਕੌਣ ਜਾਵੇਗਾ?**

ਉੱਥੇ ਨਾ ਤਾਂ ਕਿਸੇ ਦੀ ਮੌਤ ਹੋਵੇਗੀ, ਨਾ ਕੋਈ ਪਾਪ ਹੋਵੇਗਾ, ਨਾ ਕੋਈ ਦਰਦ, ਨਾ ਕੋਈ ਜੰਗਾਲ, ਪਰ ਹਾਂ ਇਹ ਇੱਕ ਨਵੀਂ ਧਰਤੀ ਹੋਵੇਗੀ ਤੇ ਇੱਕ ਨਵਾਂ ਜੇਰੂਸਲੱਮ ਹੋਵੇਗਾ, ਉਥੇ ਮਹਿਲ ਵੀ ਹੋਣਗੇ, ਪਾਠ-ਪੂਜਾ ਹੋਵੇਗੀ, ਸੰਗੀਤ ਹੋਵੇਗਾ ਤੇ ਖੁਸ਼ੀਆਂ ਹੋਣਗੀਆਂ। ਆਪਣੇ ਨਾਲ ਜੋ ਵਾਅਦੇ ਹੋਏ ਨੇ ਆਪਾਂ ਨੂੰ ਉਸ ਅਨੁਸਾਰ ਇਨਾਮ ਮਿਲਣਗੇ, ਆਪਣੀ ਕਲਪਨਾ ਤੋਂ ਵੀ ਕਿਤੇ ਵੱਧ। (ਇਹਦੇ ਨਾਲ ਆਪਾਂ ਕੋਈ ਬੱਦਲਾਂ 'ਚ ਉਡਾਰੀਆਂ ਨੀ ਲਾਉਣ ਵਾਲੇ, ਰਬਾਬ ਨੀ ਵਜਾਉਣ ਵਾਲੇ ਜਾਂ ਫਿਰ ਆਪਾਂ ਨੂੰ ਇਹ ਨੀ ਸੋਚਣਾ ਪੈਣਾ ਕੀ ਆਪਣੇ ਸਮੇਂ ਦਾ ਕੀ ਕਰੀਏ।) (ਲਿਊਕ 15:10-32; 20:36; ਪਰਕਾਸ਼ ਦੀ ਪੋਥੀ 5:8,9; 7:16,17; 14:2,3; 15:2,3; 21:4,25; 22:5)




**2. ਨਰਕ ਕਿਹੋ ਜਿਹਾ ਹੋਵੇਗਾ, ਅਤੇ ਉੱਥੇ ਕੌਣ ਜਾਵੇਗਾ?**

ਬਾਈਬਲ ਕਹਿੰਦੀ ਹੈ ਕਿ ਨਰਕ ਵਿੱਚ ਰੋਣਾ-ਕੁਰਲਾਉਣਾ ਹੋਵੇਗਾ, ਦੰਦੀ ਪੀੜ੍ਹਾਂ ਪੈਣਗੀਆਂ, ਤੇ ਇਹ ਇੱਕ ਅਜਿਹੀ ਜਗ੍ਹਾ ਹੋਵੇਗੀ ਜਿੱਥੇ ਹਮੇਸ਼ਾ ਲਾਟਾਂ ਹੀ ਲਾਟਾਂ ਹੋਇਆ ਕਰਨਗੀਆਂ। ਜਿਹੜੇ ਲੋਕਾਂ ਨੇ ਮੁਕਤੀ ਲਈ ਪ੍ਰਮਾਤਮਾ ਈਸਾ ਮਸੀਹ ਦੇ ਨਾਂ 'ਤੇ ਵਿਸ਼ਵਾਸ ਨਾ ਕੀਤਾ ਹੋਇਆ ਉਹ ਮਰਨ ਤੋਂ ਬਾਅਦ ਨਰਕ 'ਚ ਜਾਣਗੇ। (ਮੈਲੇਕਾਈ 4:1; ਮੈਥਿਊ 13:42-50, 16:18; ਪਰਕਾਸ਼ ਦੀ ਪੋਥੀ 9:2, 12, 20:14)

**3. ਲੋਕ ਜੋ ਬੁਰੀਆਂ ਗੱਲਾਂ ਮੇਰੇ ਨਾਲ ਕਰਦੇ ਨੇ ਕੀ ਉਸ ਨਾਲ ਮੇਰੀ ਰੂਹ 'ਤੇ ਸੱਟ ਵੱਜਦੀ ਹੈ?**

ਇਸ ਧਰਤੀ ਉੱਪਰ ਹੋਣ ਵਾਲੀ ਬੁਰਾਈ ਆਪਣੇ ਸ਼ਰੀਰ 'ਤੇ ਤਾਂ ਅਸਰ ਕਰਦੀ ਹੀ ਹੈ। (ਮੈਥਿਊ 10:28) ਪਰ ਇਹਦਾ ਅਸਰ ਆਪਣੀ ਰੂਹ 'ਤੇ ਫੇਰ ਹੀ ਹੁੰਦਾ ਹੈ ਜੇ ਆਪਾਂ ਇੰਝ ਹੋਣ ਦੀ ਇਜਾਜ਼ਤ ਦਈਏ। ਆਪਣੇ ਵਿਦਿਆਰਥੀਆਂ ਨਾਲ ਚਰਚਾ ਕਰੋ ਕਿ ਇੱਕ ਗੁੱਸਾ ਤੇ ਦੂਜਾ ਮੁਆਫ਼ੀ ਨਾ ਦੇਣਾ, ਦੋਨੇ ਚੀਜ਼ਾਂ ਆਪਣੀ ਰੂਹ ਨੂੰ ਕਿਵੇਂ ਅੰਦਰ ਤੱਕ ਪਰੇਸ਼ਾਨ ਕਰ ਸਕਦੀਆਂ ਹਨ। ਇਸ ਬਾਰੇ ਗੱਲ ਕਰੋ ਕਿ ਜੇਕਰ ਆਪਾਂ ਬੁਰਾਈ ਉੱਤੇ ਕੋਈ ਪ੍ਰਤੀਕਿਰਿਆ ਦਿੰਦੇ ਹਾਂ ਤਾਂ ਇਸਦਾ ਆਪਣੀ ਰੂਹ 'ਤੇ ਕੀ ਅਸਰ ਹੋ ਸਕਦਾ ਹੈ। ਆਪਾਂ ਜੇ ਇੰਝ ਹੋਣ ਦੇਈਏ, ਤਾਂ ਹੀ ਇਹ ਆਪਾਂ ਨੂੰ ਹਮੇਸ਼ਾ ਲਈ ਦੁੱਖ ਪਹੁੰਚਾ ਸਕਦੀ ਹੈ।

## ਅਖਾੜੇ ਦੇ ਵਿੱਚ

ਆਪਣੇ ਆਲੇ-ਦੁਆਲੇ ਕੋਈ ਬੁਰਾਈ ਲੱਭੋ, ਜਿੱਥੇ ਕੋਈ ਵਿਅਕਤੀ ਬਿਨਾਂ ਕਿਸੇ ਕਾਰਨ ਦੂਜੇ ਨੂੰ ਦੁੱਖ ਪਹੁੰਚਾ ਰਿਹਾ ਹੋਵੇ। ਬੇਕਸੂਰ ਵਿਅਕਤੀ ਨੂੰ ਬਚਾਉਣ ਲਈ ਇਸ ਹਫਤੇ ਦਖਲ ਦਿਓ। ਸਕੂਲ ਤੋਂ ਘਰ ਨੂੰ ਕਿਸੇ ਵੱਖਰੇ ਰਸਤੇ 'ਤੇ ਤੁਰਨ ਵਿੱਚ ਉਹਨਾਂ ਦੀ ਮਦਦ ਕਰੋ, ਦੁਪਹਿਰ ਦਾ ਖਾਣਾ ਦਿਓ, ਜਾਂ ਚਾਰਾਂ ਜਣਿਆਂ ਦੇ ਸਮੂਹ ਵਿੱਚ ਨਾਲ ਰਲੋ-ਰਲਾਓ।



# 12. ਭਲਾਈ ਜਾਂ ਸੁਆਰਥੀ ਲਾਲਸਾ

**ਬਾਈਬਲ ਦੀ ਕਹਾਣੀ: ਬੁਰਜ ਬੈਬਲ**

**ਉਤਪੱਤੀ 11:1-9**


## ਨਾਟਕ 12

ਵਾਈਜ਼ ਵਿਲੀ ਤੇ ਫੂਲਿਸ਼ ਫ੍ਰੈਡ ਦੋਨੋਂ ਦੌੜ ਲਗਾ ਰਹੇ ਨੇ, ਵਿਲੀ ਅੱਗੇ ਹੈ। ਫ੍ਰੈਡ ਵਿਲੀ ਕੋਲੇ ਪਹੁੰਚਦਾ ਹੈ ਤੇ ਉਹਦਾ ਕਮੀਜ਼ ਫੜ੍ਹਕੇ ਉਹਨੂੰ ਹੇਠਾਂ ਨੂੰ ਸੁੱਟਣ ਲੱਗਦਾ ਹੈ ਤਾਂ ਜੋ ਫ੍ਰੈਡ ਉਹਤੋਂ ਅੱਗੇ ਹੋਜੇ। ਫ੍ਰੈਡ ਨੂੰ ਦੌੜ 'ਚੋਂ ਆਪਣੀ ਹਰਕਤ ਕਰਕੇ ਬਾਹਰ ਕੱਢ ਦਿੱਤਾ ਜਾਂਦਾ ਹੈ।

## ਯਾਦਦਾਸ਼ਤ ਤੁਕ 12

"ਧੜੇਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ ਸਗੋਂ ਤੁਸੀਂ ਅਧੀਨਗੀ ਨਾਲ ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ" ਫ਼ਿਲਿੱਪੀਆਂ ਨੂੰ 2:3

## ਮੁੱਖ ਪਾਠ 12




ਇਸ ਹਫਤੇ ਦੇ ਪਾਠ 'ਚ ਲੜਾਈ ਹੋਵੇਗੀ ਭਲਾਈ ਤੇ ਸੁਆਰਥੀ ਲਾਲਸਾ ਵਿਚਕਾਰ। ਲਾਲਸਾ ਜਾਂ ਅਭਿਲਾਸ਼ਾ ਤੋਂ ਭਾਵ ਹੈ "ਸ਼ਕਤੀ, ਸਨਮਾਨ, ਪ੍ਰਸਿੱਧੀ, ਦੌਲਤ, ਜਾਂ ਕਿਸੇ ਹੋਰ ਕਿਸਮ ਦੀ ਯੋਗਤਾ ਜਾਂ ਮਹੱਤਤਾ ਜਿਸ ਲਈ ਇੱਕ ਵਿਅਕਤੀ ਇੱਛਾ ਰੱਖਦਾ ਹੈ ਅਤੇ ਇਸਦੀ ਪ੍ਰਾਪਤੀ ਲਈ ਯਤਨ ਕਰਨ ਲਈ ਤਿਆਰ ਹੈ।" ਇਹ ਸੋਚਣਾ ਚੰਗਾ ਹੋਵੇਗਾ ਕਿ ਅਭਿਲਾਸ਼ਾ ਇੱਕ ਚੰਗੀ ਚੀਜ਼ ਹੈ, ਪਰ ਸਾਨੂੰ ਇਸ ਬਾਰੇ ਬਹੁਤ ਸਚੇਤ ਰਹਿਣ ਦੀ ਲੋੜ ਹੈ।

ਅੱਜ ਦੀ ਬਾਈਬਲ ਦੀ ਕਹਾਣੀ ਹੈ ਬੁਰਜ ਬੈਬਲ। ਇਸ ਸੱਚੀ ਕਹਾਣੀ ਵਿੱਚ, ਪ੍ਰਮਾਤਮਾ ਨੇ ਸੰਸਾਰ ਦੇ ਲੋਕਾਂ ਨੂੰ ਉਲਝਾਉਣ ਦਾ ਫੈਸਲਾ ਕੀਤਾ ਕਿਉਂਕਿ ਉਹਨਾਂ ਦੀਆਂ ਬਹੁਤ ਸਾਰੀਆਂ ਇੱਛਾਵਾਂ ਸਨ। ਉਹ ਪ੍ਰਸਿੱਧੀ ਤੇ ਮਾਨਤਾ ਚਾਹੁੰਦੇ ਸਨ। ਬਾਈਬਲ ਵਿੱਚ, ਸਾਨੂੰ ਦੱਸਿਆ ਗਿਆ ਹੈ ਕਿ ਇਸ ਸਮੇਂ ਤੋਂ ਪਹਿਲਾਂ, ਅਸੀਂ ਸਾਰੇ ਇੱਕੋ ਭਾਸ਼ਾ ਬੋਲਦੇ ਸੀ ਅਤੇ ਗ੍ਰਹਿ ਦੇ ਇੱਕੋ ਪਾਸੇ ਰਹਿੰਦੇ ਸੀ। ਫਿਰ, ਜਦੋਂ ਪ੍ਰਮਾਤਮਾ ਨੇ ਉਨ੍ਹਾਂ ਦੇ ਲਾਲਚ ਨੂੰ ਦੇਖਿਆ ਜਦੋਂ ਉਨ੍ਹਾਂ ਨੇ ਇੱਕ ਸ਼ਹਿਰ ਅਤੇ ਇੱਕ ਵੱਡਾ ਬੁਰਜ ਬਣਾਇਆ, ਤਾਂ ਉਸਨੇ ਉਨ੍ਹਾਂ ਦੀਆਂ ਭਾਸ਼ਾਵਾਂ ਨੂੰ ਉਲਝਾ ਦਿੱਤਾ ਅਤੇ ਉਨ੍ਹਾਂ ਨੂੰ ਧਰਤੀ ਉੱਤੇ ਖਿੰਡਾ ਦਿੱਤਾ। ਧਿਆਨ ਦੇਣ ਯੋਗ ਗੱਲ ਹੈ ਕਿ ਪ੍ਰਮਾਤਮਾ ਨੇ ਲੋਕਾਂ ਦਾ ਵਿਰੋਧ ਕੀਤਾ। ਇਹ ਹਮਲਾ ਸ਼ੈਤਾਨ ਜਾਂ ਦੁਸ਼ਟ ਲੋਕਾਂ ਨੇ ਨਹੀਂ ਸੀ ਕੀਤਾ। ਸਗੋਂ, ਪ੍ਰਮਾਤਮਾ ਖੁਦ ਉਨ੍ਹਾਂ ਦੇ ਖਿਲਾਫ ਸਨ। ਪਰ, ਕਿਉਂ? ਬਾਈਬਲ ਦੇ ਇੱਕ ਸੰਸਕਰਣ ਅਨੁਸਾਰ, "ਉਹ ਮਸ਼ਹੂਰ ਹੋਣਾ ਚਾਹੁੰਦੇ ਸਨ" ਅਤੇ ਦੂਜੇ ਅਨੁਸਾਰ, "ਉਹ ਆਪਣੇ ਲਈ ਨਾਮ ਕਮਾਉਣਾ ਚਾਹੁੰਦੇ ਸਨ।" "ਮੈਂ ਕਿਸ ਤੋਂ ਡਰਾਂ", ਇਹ ਕ੍ਰਿਸ ਟੌਮਲਿਨ ਦੁਆਰਾ ਗਾਇਆ ਇੱਕ ਸੋਹਣਾ ਭਗਤੀ ਗੀਤ ਹੈ। ਗੀਤ ਦੇ ਅਨੁਸਾਰ, ਆਪਣੇ ਵਾਲੇ ਪਾਸੇ ਦੂਤ ਦੀਆਂ ਫੌਜਾਂ ਹਨ। ਜਦੋਂ ਰੱਬ ਆਪਣੇ ਨਾਲ ਹੈ, ਤਾਂ ਕੋਈ ਵੀ ਆਪਣੇ ਖਿਲਾਫ ਨਹੀਂ ਖੜ੍ਹਾ ਰਹਿ ਪਾਵੇਗਾ। ਪਰ ਬੁਰਜ ਬੈਬਲ ਦੀ ਇਹ ਕਹਾਣੀ ਦਰਸਾਉਂਦੀ ਹੈ ਕਿ ਇੱਕ ਸਮੇਂ 'ਤੇ ਪ੍ਰਮਾਤਮਾ ਆਪਣੇ ਵੱਲ ਨਹੀਂ ਖੜ੍ਹੇ ਹੋਣਗੇ। ਜਦੋਂ ਆਪਾਂ ਖੁਦ ਲਈ ਸ਼ਕਤੀ, ਸਨਮਾਨ, ਪ੍ਰਸਿੱਧੀ, ਅਤੇ ਦੌਲਤ ਕਮਾਉਣਾ ਚਾਹਾਂਗੇ, ਤਾਂ ਪ੍ਰਮਾਤਮਾ ਆਪਣੇ ਵੱਲ ਨਹੀਂ ਖੜ੍ਹੇ ਹੋਣਗੇ। ਸਗੋਂ, ਉਹ ਆਪਣੇ ਪੂਰੇ ਖਿਲਾਫ ਹੋ ਜਾਣਗੇ, ਜਿਵੇਂ ਕਿ ਬਾਈਬਲ 'ਚ ਦੇਖਣ ਨੂੰ ਮਿਲਿਆ ਕਿ ਲੰਮਾ ਸਮਾਂ ਪਹਿਲਾਂ ਉਨ੍ਹਾਂ ਨੇ ਇੰਝ ਕੀਤਾ ਸੀ। ਇਸ ਤਰ੍ਹਾਂ, ਭਲਾਈ ਦਾ ਇੱਕ ਪਹਿਲੂ ਇਹ ਹੈ ਕਿ ਆਪਾਂ ਨਿਮਰ ਰਹੀਏ ਅਤੇ ਆਪਣੀਆਂ ਸੁਆਰਥੀ ਇੱਛਾਵਾਂ ਨੂੰ ਰੋਕ ਕੇ ਰੱਖੀਏ। ਇਹ ਮਹੱਤਵਪੂਰਨ ਹੈ, ਕਿਉਂਕਿ ਤੁਸੀਂ ਸੱਚਮੁੱਚ ਪ੍ਰਮਾਤਮਾ ਨੂੰ ਆਪਣੇ ਖਿਲਾਫ ਨਹੀਂ ਦੇਖਣਾ ਚਾਹੁੰਦੇ!


## ਯਾਦਦਾਸ਼ਤ ਤੁਕ ਖੇਡ 12

**ਏਕੋ ਪਹਾੜ**



ਪੂਰੇ ਗਰੁੱਪ ਨੂੰ ਤਿੰਨ ਟੀਮਾਂ ਵਿੱਚ ਵੰਡ ਦਿਓ, ਜਿਵੇਂ ਕਿ; ਅਧਿਆਪਕ, ਮੁੰਡੇ ਤੇ ਕੁੜੀਆਂ। ਇੱਕ ਗਰੁੱਪ ਯਾਦਦਾਸ਼ਤ ਤੁਕ ਦਾ ਪਹਿਲਾ ਸ਼ਬਦ ਜਾਂ ਵਾਕ ਕਹਿੰਦਾ ਹੈ, ਦੂਜੀ ਟੀਮ ਇਸਦੀ ਗੂੰਜ ਲਗਾਉਂਦੀ ਹੈ, ਅਤੇ ਅੰਤ ਵਿੱਚ ਬੋਲਦੀ ਹੈ ਆਖਰੀ ਟੀਮ। ਖੇਡ ਖੇਡਣਾ ਜ਼ਾਰੀ ਰੱਖੋ, ਸ਼ਬਦਾਂ ਨੂੰ ਵੱਲੇ-ਵੱਲੇ ਤਰੀਕਿਆਂ ਨਾਲ ਬੋਲਕੇ ਕੁਝ ਵਿਭਿੰਨਤਾ ਲਿਆਓ। ਇਹ ਕੁਝ ਆਈਡੀਏ ਹਨ: ਘੁਸਰ-ਮੁਸਰ ਕਰਨਾ, ਚੀਕਣਾ, ਭਾਰੀ ਆਵਾਜ਼ ਵਿੱਚ ਬੋਲਣਾ, ਬਿਲਕੁਲ ਫ਼ਾਇੰਡਿੰਗ ਨਿਮੋ ਦੀ ਵੇਲ ਮੱਛੀ ਵਾਂਗ, ਪੂਰੀ ਤੇਜ਼, ਹੌਲੀ-ਹੌਲੀ, ਓਪੇਰਾ, ਚੂਹੇ ਵਾਂਗ ਪੂਰੇ ਸ਼ਾਂਤ, ਪਾਣੀ ਦੇ ਹੇਠਾਂ, ਜਾਂ ਰੋਬੋਟ ਵਾਂਗ। ਇਸ ਤਰ੍ਹਾਂ ਮਜ਼ੇ ਲਓ!

## ਪਜ਼ਲ ਦੇ ਉੱਤਰ 12





| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ਤਾ | ਨਾ | ਖ਼ੀ | ਹਾ | ਸ | ਲ | ਕ | ਰ | ਨਾ | ਭ | ਵ | ਨ | ਧਾ | ਵ | ਸਾ | ਦੂ | ਦੌ |
| ਤ | ਕ੍ਰੈ | ਰ | ਵ | ਨਾ | ਕ੍ਰੈ | ਬੁ | ਅ | ਰ | ਲ | ਸ਼ | ਕ੍ਰੈ | ਸ਼ | ਭ | ਨਾ | ਬੈ | ਲ |
| ਹੱ | ਅ | ਕ | ਕ | ਸ਼ | ਖ਼ੀ | ਰ | ਘ | ਬ | ਬੈ | ਖ਼ੀ | ਵ | ਕ | ਤੀ | ਬੈ | ਖ਼ੀ | ਤ |
| ਮ | ਦੂ | ਸ਼ | ਵ | ਸ਼ | ਥੀ | ਜ | ਬੈ | ਫਿ | ਥੀ | ਸ਼ਾ | ਲ | ਰ | ਸ਼ | ਕ | ਰ | ਅ |
| ਖ਼ੀ | ਸ਼ | ਈ | ਦੂ | ਕ | ਰ | ਭ | ਦੂ | ਕ੍ਰੈ | ਰ | ਲਾ | ਕ | ਨ | ਭ | ਵ | ਸ਼ | ਖ਼ੀ |
| ਭ | ਲਾ | ਰ | ਨਾ | ਕ੍ਰੈ | ਸ਼ | ਘ | ਸ਼ | ਘ | ਮ | ਭਿ | ਵ | ਆ | ਕ੍ਰੈ | ਨਾ | ਅ | ਕ੍ਰੈ |
| ਭ | ਅ | ਫਿ | ਪ੍ਰ | ਸਿੱ | ਧੀ | ਖ਼ੀ | ਸੰ | ਥੀ | ਨਿ | ਅ | ਨਾ | ਫਿ | ਥੀ | ਰ | ਵਾ | ਸ |

ਭਲਾਈ ਸਵਾਰਥੀ ਅਭਿਲਾਸ਼ਾ ਸ਼ਕਤੀ ਸਨਮਾਨ ਦੌਲਤ ਮਹੱਤਤਾ ਪ੍ਰਸਿੱਧੀ ਸੰਘਰਸ਼ ਕਰਨਾ ਹਾਸਲ ਕਰਨਾ ਸਾਵਧਾਨ ਬੁਰਜ ਬੈਬਲ ਨਿਮਰ

## ਪ੍ਰਸ਼ਨ ਅਤੇ ਉੱਤਰ 12

**1. ਈਸਾਈ ਪ੍ਰਸਿੱਧੀ ਦੀਆਂ ਕੁਝ ਉਦਾਹਰਣਾਂ ਦੇ ਨਾਮ ਦਿਓ। ਕੀ ਤੁਹਾਨੂੰ ਲੱਗਦਾ ਹੈ ਕਿ ਕਦੇ-ਕਦੇ ਲੋਕ ਆਪਣੇ ਲਈ ਨਾਂ ਕਮਾਉਣਾ ਚਾਹੁੰਦੇ ਹੁੰਦੇ ਹਨ?**




ਆਪਣੇ ਵਿਦਿਆਰਥੀਆਂ ਨਾਲ ਇਸ ਗੱਲ 'ਤੇ ਚਰਚਾ ਕਰੋ ਕਿ ਪ੍ਰਮਾਤਮਾ ਕਿਵੇਂ ਆਪਣੇ ਦਿਲਾਂ ਦੇ ਅੰਦਰ ਦੇਖ ਸਕਦੇ ਨੇ ਤੇ ਆਪਣੇ ਇਰਾਦੇ ਜਾਣ ਸਕਦੇ ਨੇ। ਇਹ ਕੁਝ ਵੀ ਹੋ ਸਕਦਾ ਹੈ ਜਿਵੇਂ ਕਿ ਗਾਉਣਾ, ਨੱਚਣਾ, ਸਾਜ਼ ਵਜਾਉਣਾ, ਬੋਲਣਾ, ਸਿੱਖਿਅਤ ਕਰਨਾ, ਅਭਿਨੈ ਕਰਨਾ, ਅਤੇ ਪ੍ਰਾਰਥਨਾ ਕਰਨਾ ਵੀ ਹੋ ਸਕਦਾ ਹੈ। ਉਹਨਾਂ ਉਦਾਹਰਣਾਂ ਬਾਰੇ ਗੱਲ ਕਰੋ ਜਿੱਥੇ ਤੁਸੀਂ ਇਹ ਦੱਸ ਸਕੋਂ ਕਿ ਕੀ ਪ੍ਰਾਰਥਨਾ ਕਰਨ ਵਾਲਾ ਵਿਅਕਤੀ ਅਸਲ ਵਿੱਚ ਆਲੇ ਦੁਆਲੇ ਦੇ ਮਨੁੱਖਾਂ ਲਈ ਇੱਕ ਪ੍ਰਦਰਸ਼ਨ ਕਰ ਰਿਹਾ ਸੀ, ਜਾਂ ਅਸਲ ਵਿੱਚ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰ ਰਿਹਾ ਸੀ।

**2. ਜੇ ਰੱਬ ਖੁਦ ਤੁਹਾਡੇ ਵਿਰੁੱਧ ਹੁੰਦਾ, ਤਾਂ ਤੁਹਾਡੇ ਲਈ ਕਿੰਨਾ ਕੁ ਸੌਖਾ ਹੁੰਦਾ?**

ਆਪਣੇ ਵਿਦਿਆਰਥੀਆਂ ਨਾਲ ਇਸ ਬਾਰੇ ਗੱਲ ਕਰੋ ਕਿ ਕਿਵੇਂ ਆਪਾਂ ਈਸਾਈ ਹੋਕੇ ਹਮੇਸ਼ਾ ਇਹ ਮੰਨਦੇ ਹਾਂ ਕਿ ਪ੍ਰਮਾਤਮਾ ਆਪਣੇ ਵੱਲ ਹੀ ਹੈ। ਪਰ ਬਾਈਬਲ ਦੀ ਇਹ ਕਹਾਣੀ ਸਾਫ਼-ਸਾਫ਼ ਦਿਖਾਉਂਦੀ ਹੈ ਕਿ ਜੇ ਆਪਾਂ ਸੁਆਰਥੀ ਲਾਲਸਾ ਨੂੰ ਆਪਣੇ ਜੀਵਨ ਉੱਤੇ ਹਾਵੀ ਹੋਣ ਦਿੰਦੇ ਹਾਂ, ਤਾਂ ਪ੍ਰਮਾਤਮਾ ਖੁਦ ਆਪਣੇ ਵਿਰੁੱਧ ਖੜ੍ਹੇ ਹੋ ਜਾਂਦੇ ਨੇ। ਉਨ੍ਹਾਂ ਔਖੇ ਹਾਲਾਤਾਂ ਬਾਰੇ ਗੱਲ ਕਰੋ ਜਦੋਂ ਪ੍ਰਮਾਤਮਾ ਤੁਹਾਡੇ ਖਿਲਾਫ ਹੋਏ ਹੋਣ।

**3. ਉਹ ਕਿਹੜੇ ਤਰੀਕੇ ਨੇ ਜਿਨ੍ਹਾਂ ਨਾਲ ਆਪਾਂ ਖੁਦ ਨੂੰ ਨਿਮਰ ਬਣਾ ਸਕਦੇ ਹਾਂ ਤਾਂ ਜੋ ਪ੍ਰਮਾਤਮਾ ਨੂੰ ਇੰਝ ਨਾ ਕਰਨਾ ਪਵੇ, ਦੱਸੋ?**

ਇਹ ਰਹੇ ਕੁਝ ਤਰੀਕੇ: ਕੇਕ ਦਾ ਇੱਕ ਛੋਟਾ ਜਿਹਾ ਟੁਕੜਾ ਲਓ, ਚੰਗੀ ਅਸਾਈਨਮੈਂਟ ਕਿਸੇ ਹੋਰ ਨੂੰ ਦੇ ਦਿਓ, ਸਾਰਾ ਕ੍ਰੈਡਿਟ ਖੁਦ ਲੈਣ ਦੀ ਬਜਾਇ ਆਪਣੇ ਦੋਸਤ ਨੂੰ ਕ੍ਰੈਡਿਟ ਦਿਓ, ਗਾਇਕੀ ਦੀ ਮੁੱਖ ਭੂਮਿਕਾ ਨਾ ਨਿਭਾਓ, ਜਾਂ ਫਿਰ ਆਪਣਾ ਯੰਤਰ ਵਜਾਉਣ ਦਾ ਕਿਸੇ ਦੂਜੇ ਨੂੰ ਮੌਕਾ ਦਿਓ।

## ਅਖਾੜੇ ਦੇ ਵਿੱਚ 12

ਇਸ ਹਫ਼ਤੇ ਆਪਣੀ ਪ੍ਰਸਿੱਧੀ ਵਧਾਉਣ ਲਈ ਕੁਝ ਨਾ ਕਰੋ। ਹਰ ਵਾਰੀ ਜਦੋਂ ਕੋਈ ਮੌਕਾ ਮਿਲੇ, ਤਾਂ ਇਸਨੂੰ ਠੁਕਰਾ ਦਿਓ। ਜਿਵੇਂ-ਜਿਵੇਂ ਤੁਸੀਂ ਇੰਝ ਕਰਦੇ ਜਾਓਗੇ, ਤੁਸੀਂ ਹਰੇਕ ਉਲਝੇ ਹੋਏ ਪਾਪ ਨੂੰ ਖਤਮ ਕਰਦੇ ਜਾਓਗੇ।



# 13. ਭਲਾਈ ਜਾਂ ਅਸ਼ੁੱਧਤਾ

**ਬਾਈਬਲ ਦੀ ਕਹਾਣੀ: ਜੋਸੇਫ ਅਤੇ ਪੋਟੀਫ਼ਰ**

**ਉਤਪੱਤੀ 39:1-21**

## ਨਾਟਕ 13

ਫੂਲਿਸ਼ ਫ੍ਰੈਡ ਇੱਕ ਸੜਿਆ ਹੋਇਆ ਫਲ ਲੈਂਦਾ ਹੈ ਤੇ ਵਾਈਜ਼ ਵਿਲੀ ਨੂੰ ਕਹਿੰਦਾ ਹੈ ਕਿ ਬੜਾ ਵਧੀਆ ਫਲ ਹੈ ਜਦੋਂ ਕਿ ਇਹ ਬਾਹਰੋਂ ਸੜਿਆ ਹੋਇਆ ਦਿਖਾਈ ਦੇ ਹੀ ਰਿਹਾ ਹੈ। ਵਿਲੀ ਇਸਨੂੰ ਕੱਟਦਾ ਹੈ ਤੇ ਦਿਖਾਉਂਦਾ ਹੈ ਕਿ ਜਿਵੇਂ ਇਹ ਬਾਹਰੋਂ ਸੜਿਆ ਹੋਇਆ ਹੈ ਉਵੇਂ ਹੀ ਇਹ ਅੰਦਰੋਂ ਵੀ ਸੜਿਆ ਹੋਇਆ ਹੈ।

## ਯਾਦਦਾਸ਼ਤ ਤੁਕ 13

"ਇਸੇ ਕਰਕੇ ਅਸੀਂ ਤੁਹਾਡੇ ਲਈ ਸਦਾ ਪ੍ਰਾਰਥਨਾ ਕਰਦੇ ਰਹਿੰਦੇ ਹਾਂ ਭਈ ਤੁਹਾਨੂੰ ਸਾਡਾ ਪਰਮੇਸ਼ੁਰ ਤੁਹਾਡੇ ਸੱਦੇ ਦੇ ਜੋਗ ਜਾਣੇ ਅਤੇ ਨੇਕੀ ਦੀ ਸਾਰੀ ਭਾਵਨਾ ਨੂੰ ਅਤੇ ਨਿਹਚਾ ਦੇ ਕੰਮ ਨੂੰ ਸਮਰੱਥਾ ਨਾਲ ਪੂਰਿਆਂ ਕਰੇ" ਥੱਸਲੁਨੀਕੀਆਂ ਨੂੰ ਦੂਜੀ ਪੱਤ੍ਰੀ 1:11

## ਮੁੱਖ ਪਾਠ 13




ਅਸ਼ੁੱਧੀ ਕਿਸੇ ਅਜਿਹੀ ਚੀਜ਼ ਨੂੰ ਦੂਸ਼ਿਤ ਕਰ ਦਿੰਦੀ ਹੈ ਜੋ ਦੂਸ਼ਿਤ ਨਹੀਂ ਹੈ। ਇਸ ਮਾਮਲੇ 'ਚ, ਆਪਾਂ ਚਾਹੁੰਦੇ ਹਾਂ ਕਿ ਆਪਣਾ ਦਿਲ ਸ਼ੁੱਧ ਤੇ ਨਿਰਮਲ ਹੋਵੇ, ਤੇ ਆਪਣੇ ਕੰਮਾਂ ਤੋਂ ਪਤਾ ਚੱਲਦਾ ਹੈ ਕਿ ਆਪਣੇ ਦਿਲ ਵਿੱਚ ਕੀ ਚੱਲ ਰਿਹਾ ਹੈ। ਉਦਾਹਰਣ ਲਈ, ਜੇ ਤੁਹਾਡੇ ਕਰਮ ਅਪਵਿੱਤਰ ਹਨ ਤਾਂ ਆਪਾਂ ਜਾਣ ਜਾਂਦੇ ਹਾਂ ਕਿ ਤੁਹਾਡੇ ਦਿਲ 'ਚ ਵੀ ਅਸ਼ੁੱਧੀ ਹੈ। ਅੱਜ ਦੀ ਬਾਈਬਲ ਦੀ ਕਹਾਣੀ ਵਿੱਚ, ਜੋਸੇਫ "ਭਲਾਈ" ਵਾਲੇ ਰੂਹੀ ਫਲ ਨੂੰ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਦੋਂ ਕਿ ਪੋਟੀਫ਼ਰ ਦੀ ਪਤਨੀ ਉਸਨੂੰ ਅਸ਼ੁੱਧੀ ਦੇ ਨਾਲ ਹੇਠਾਂ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ।


ਜਦੋਂ ਜੋਸੇਫ ਦੇ ਭਰਾਵਾਂ ਨੇ ਉਸਨੂੰ ਗ਼ੁਲਾਮੀ ਵਿੱਚ ਵੇਚ ਦਿੱਤਾ, ਤਾਂ ਉਸਨੂੰ ਮਿਸਰ ਲਿਆਂਦਾ ਗਿਆ, ਤੇ ਪਹਿਰੇਦਾਰਾਂ ਦੇ ਕਪਤਾਨ, ਪੋਟੀਫ਼ਰ ਨੂੰ ਵੇਚ ਦਿੱਤਾ ਗਿਆ। ਉਹਨੇ ਸਫਲਤਾ ਦੇ ਸੁਪਨੇ ਦੇਖੇ ਸਨ, ਪਰ ਹੁਣ ਉਹਦੇ ਨਾਲ ਉਲਟਾ ਹੀ ਹੋ ਰਿਹਾ ਸੀ। ਉਹ ਇੱਕ ਗ਼ੁਲਾਮ ਸੀ, ਤੇ ਪ੍ਰਮਾਤਮਾ ਨੇ ਜੋਸੇਫ ਉੱਤੇ ਆਪਣੀ ਕਿਰਪਾ ਕੀਤੀ, ਜਿਸ ਕਰਕੇ ਉਹਦਾ ਮਾਲਕ ਉਹਦੇ 'ਤੇ ਮਿਹਰਬਾਨ ਹੋ ਗਿਆ। ਪੋਟੀਫ਼ਰ ਨੇ ਜੋਸੇਫ ਨੂੰ ਆਪਣੇ ਘਰ ਦੀ ਹਰ ਚੀਜ਼ ਦਾ ਇੰਚਾਰਜ ਬਣਾ ਦਿੱਤਾ। ਜੋਸੇਫ ਬਹੁਤ ਵਧੀਆ ਤੇ ਸੋਹਣਾ ਸੀ, ਅਤੇ ਕੁਝ ਸਮੇਂ ਬਾਅਦ, ਉਸਦੇ ਮਾਲਕ ਦੀ ਪਤਨੀ ਨੇ ਉਸ ਵੱਲ ਧਿਆਨ ਦਿੱਤਾ। ਉਸਨੇ ਜੋਸੇਫ ਨਾਲ ਇਸ਼ਕਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ, ਅਤੇ ਉਸਨੂੰ ਆਪਣੇ ਨਾਲ ਪਾਪੀ ਕੰਮ ਕਰਨ ਲਈ ਸੱਦਾ ਦਿੱਤਾ, ਪਰ ਜੋਸੇਫ ਨੇ ਇਨਕਾਰ ਕਰ ਦਿੱਤਾ। ਉਹ ਹਰ ਰੋਜ਼ ਉਹਦੇ ਪਿੱਛੇ ਰਹਿੰਦੀ ਸੀ, ਪਰ ਉਹ ਹਮੇਸ਼ਾ ਭੱਜ ਜਾਂਦਾ ਸੀ। ਇੱਕ ਦਿਨ ਉਹਨੇ ਉਹਦਾ ਚੋਗਾ ਫੜ੍ਹ ਲਿਆ, ਪਰ ਉਹ ਆਪਣਾ ਚੋਗਾ ਪਿੱਛੇ ਛੱਡ ਕੇ ਭੱਜ ਗਿਆ। ਜਦੋਂ ਤੱਕ ਉਹਦਾ ਪਤੀ ਘਰ ਨਹੀਂ ਆਇਆ, ਉਹਨੇ ਉਹ ਚੋਗਾ ਸਾਂਭ ਕੇ ਰੱਖਿਆ, ਅਤੇ ਫਿਰ ਉਹਨੇ ਜੋਸੇਫ ਉੱਤੇ ਝੂਠਾ ਦੋਸ਼ ਲਗਾਇਆ। ਪੋਟੀਫ਼ਰ ਇੰਨਾ ਗੁੱਸੇ ਹੋਇਆ ਕਿ ਉਹਨੇ ਜੋਸੇਫ ਨੂੰ ਨੌਕਰੀ ਤੋਂ ਕੱਢ ਦਿੱਤਾ, ਤੇ ਉਹਨੂੰ ਜੇਲ੍ਹ ਵਿੱਚ ਸੁੱਟ ਦਿੱਤਾ! ਇੱਕ ਵਾਰ ਫਿਰ, ਜੋਸੇਫ ਵਾਪਸ ਆ ਖੜ੍ਹਾ ਸੀ, ਸੋਚ ਰਿਹਾ ਸੀ ਕਿ ਰੱਬ ਕਦੋਂ ਉਨ੍ਹਾਂ ਸੁਪਨਿਆਂ ਨੂੰ ਪੂਰਾ ਕਰੇਗਾ ਜੋ ਉਹਨੇ ਜਵਾਨੀ ਵੇਲੇ ਦੇਖੇ ਸਨ। ਇੱਕ ਵਾਰ ਫਿਰ, ਪ੍ਰਮਾਤਮਾ ਨੇ ਜੋਸੇਫ 'ਤੇ ਆਪਣੀ ਕਿਰਪਾ ਕੀਤੀ, ਤੇ ਉਹ ਜੇਲ 'ਚ ਵੀ ਖੁਸ਼ਹਾਲ ਹੋ ਗਿਆ।

ਇਹ ਧਿਆਨ ਦੇਣ ਯੋਗ ਗੱਲ ਹੈ ਕਿ, ਜੋਸੇਫ ਨੇ ਕੁਝ ਵੀ ਗ਼ਲਤ ਨਹੀਂ ਕੀਤਾ ਸੀ। ਜਦੋਂ ਕੋਈ ਹੋਰ ਵਿਅਕਤੀ ਤੁਹਾਡੇ 'ਤੇ ਜਾਂ ਮੇਰੇ 'ਤੇ ਹਮਲਾ ਕਰਦਾ ਹੈ, ਤਾਂ ਆਪਾਂ ਪਾਪ ਨਹੀਂ ਕੀਤਾ ਹੁੰਦਾ। ਸਗੋਂ ਉਨ੍ਹਾਂ ਨੇ ਆਪਣੇ ਉੱਪਰ ਪਾਪੀ ਹਮਲਾ ਕੀਤਾ ਹੁੰਦਾ ਹੈ। ਪ੍ਰਮਾਤਮਾ ਇਹ ਨਹੀਂ ਦੇਖਦੇ ਕਿ ਆਪਾਂ ਖਰਾਬ ਹੋ ਚੁੱਕੇ ਹਾਂ ਜਾਂ ਹੁਣ ਕਿਸੇ ਕੰਮ ਦੇ ਨਹੀਂ ਰਹੇ। ਸਗੋਂ ਕਿ ਪ੍ਰਮਾਤਮਾ ਤਾਂ ਆਪਣੇ ਦਿਲਾਂ ਵੱਲ ਦੇਖਦੇ ਹਨ। ਜਿਵੇਂ ਕਿ ਜੋਸੇਫ ਆਪਣੇ ਹਿਰਦੇ ਤੋਂ ਸ਼ੁੱਧ ਰਿਹਾ, ਤੇ ਅਸ਼ੁੱਧੀ ਤੋਂ ਭੱਜ ਗਿਆ, ਇਸ ਕਰਕੇ ਪ੍ਰਮਾਤਮਾ ਨੇ ਉਸ ਉੱਪਰ ਆਪਣੀ ਕਿਰਪਾ ਜ਼ਾਰੀ ਰੱਖੀ। ਲੋਕ ਤੁਹਾਡੇ ਉੱਪਰ ਪਾਪੀ ਅੱਤਿਆਚਾਰ ਕਰ ਸਕਦੇ ਹਨ, ਪਰ ਉਹ ਤੁਹਾਡਾ ਦਿਲ ਨਹੀਂ ਲੈ ਜਾ ਸਕਦੇ। ਦਿਲ ਤਾਂ ਉਹ ਚੀਜ਼ ਹੈ ਜੋ ਤੁਸੀਂ ਆਪਣੀ ਮਰਜ਼ੀ ਨਾਲ ਦਿੰਦੇ ਹੋ। ਜੇ ਆਪਾਂ, ਔਖੇ ਤੇ ਸੌਖੇ ਸਮਿਆਂ ਦੌਰਾਨ, ਆਪਣੇ ਦਿਲਾਂ ਵੱਲ ਦੇਖੀਏ ਤਾਂ ਆਪਾਂ ਸ਼ੁੱਧ ਰਹਿ ਸਕਦੇ ਹਾਂ ਤੇ ਅਸ਼ੁੱਧੀ ਖਿਲਾਫ ਮੈਚ ਜਿੱਤ ਸਕਦੇ ਹਾਂ!


## ਯਾਦਦਾਸ਼ਤ ਤੁਕ ਖੇਡ 13

**ਇੱਕ ਸ਼ਬਦ ਮਿਟਾਓ**

ਬੋਰਡ ਉੱਤੇ ਯਾਦਦਾਸ਼ਤ ਤੁਕ ਲਿਖੋ। ਹਰੇਕ ਵਾਰ ਯਾਦਦਾਸ਼ਤ ਤੁਕ ਦਾ ਇੱਕ ਸ਼ਬਦ ਮਿਟਾਉਂਦੇ ਜਾਓ, ਤੇ ਹਰੇਕ ਵਾਰ ਬੱਚਿਆਂ ਨੂੰ ਕਹੋ ਕਿ ਉਹ ਯਾਦਦਾਸ਼ਤ ਤੁਕ ਨੂੰ ਬੋਲਣ।



## ਪਜ਼ਲ ਦੇ ਉੱਤਰ 13





| | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|
| ਉ | ਅ | ਪੋ | ਟੀ | ਫ਼ | ਰ | ਦ | ਖ਼ੀ | ਅੰ | ਰ | ਖ਼ੀ | ਅ | ਖ਼ੀ | ਅੰ | ਜ | ਦੂ | ਫ਼ | ਲ |
| ਸ਼ੁੱ | ਮੀ | ਲ | ਘਾ | ਫ਼ | ਦੂ | ਜ | ਸ਼ਿ | ਖ਼ੀ | ਈ | ਹੋ | ਰ | ਸ਼ਿ | ਸ਼ੁੱ | ਸ਼ਿ | ਖ਼ੀ | ਨੀ | ਦਿ |
| ਦੂ | ਖ਼ੀ | ਲਾ | ਧੀ | ਸ਼ਿ | ਦਿ | ਜ | ਨੀ | ਰ | ਫਿ | ਧ | ਫਿ | ਸ਼ੁੱ | ਤ | ਦਿ | ਦ | ਕਾ | ਉ |
| ਧੀ | ਲ | ਨੀ | ਗੁ | ਕਾ | ਫ਼ | ਤ | ਘਾ | ਸ਼ੁੱ | ਸ਼ੁੱ | ਈ | ਜ | ਖ਼ੀ | ਧੀ | ਦੂ | ਅ | ਨੀ | ਜ |
| ਸ਼ੁੱ | ਨੀ | ਦੂ | ਅੰ | ਅੰ | ਪ | ਕਾ | ਅ | ਉ | ਸ਼ੁੱ | ਲ | ਅੰ | ਦ | ਰ | ਨੀ | ਧੀ | ਖ਼ੀ | ਰ |
| ਅ | ਅ | ਫ | ਸੇ | ਜੋ | ਸ਼ਿ | ਦ | ਨਾ | ਰ | ਕ | ਨ | ਸ਼ | ਰ | ਦ | ਪ੍ਰ | ਨੀ | ਅੰ | ਕਾ |

ਅਸ਼ੁੱਧੀ ਪਤਨੀ ਰਹੋ ਸ਼ੁੱਧ ਦਿਲ ਜੋਸੇਫ ਕਾਰਜ ਦਿਲ ਗੁਲਾਮੀ ਪੋਟੀਫ਼ਰ ਪ੍ਰਦਰਸ਼ਨ ਕਰਨਾ ਦੂਸ਼ਿਤ

## ਪ੍ਰਸ਼ਨ ਅਤੇ ਉੱਤਰ 13

**1. ਤੁਸੀਂ ਆਪਣੇ ਸਕੂਲ ਦੇ ਉਨ੍ਹਾਂ ਸਾਰੇ ਵਿਦਿਆਰਥੀਆਂ ਬਾਰੇ ਕੀ ਸੋਚਦੇ ਹੋ ਜਿਨ੍ਹਾਂ ਦੇਬੁਆਇਫ੍ਰੈਂਡ/ਗਰਲਫ੍ਰੈਂਡ ਹਨ?**




ਦੱਸੋ ਕਿੰਨੇ ਵਿਦਿਆਰਥੀਆਂ ਦੇ ਬੁਆਏਫ੍ਰੈਂਡ/ਗਰਲਫ੍ਰੈਂਡ ਹਨ। ਕੀ ਤੁਹਾਡੇ ਵਿਦਿਆਰਥੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦੇ ਹਨ ਜਦੋਂ ਉਨ੍ਹਾਂ ਕੋਲ ਇੱਕ ਜਨਾ ਨਹੀਂ ਹੁੰਦਾ। ਉਨ੍ਹਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ? ਕੀ ਉਹ ਆਪਣੇ ਬੁਆਏਫ੍ਰੈਂਡ/ਗਰਲਫ੍ਰੈਂਡ ਨਾਲ ਵਿਆਹ ਕਰਨ ਦੀ ਪਲੈਨਿੰਗ ਕਰਦੇ ਹਨ?

**2. ਕੀ ਤੁਸੀਂ ਸੋਹਣੇ ਹੋ?**

ਇੱਕ ਵਾਰ ਆਪਣੇ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਹੱਸ ਲੈਣ ਦਿਓ, ਤੇ ਫੇਰ ਉਨ੍ਹਾਂ ਨਾਲ ਸੁੰਦਰਤਾ ਦੀ ਪਰਿਭਾਸ਼ਾ 'ਤੇ ਵਿਚਾਰ ਕਰਨਾ, ਕਿ ਦੁਨੀਆ ਦੀ ਨਜ਼ਰ 'ਚ ਸੁੰਦਰਤਾ ਕਿਸਨੂੰ ਕਹਿੰਦੇ ਨੇ ਤੇ ਪ੍ਰਮਾਤਮਾ ਦੀ ਨਿਗ੍ਹਾ 'ਚ ਸੁੰਦਰਤਾ ਕਿਸਨੂੰ ਸਮਝਿਆ ਜਾਂਦਾ ਹੈ। ਚਰਚਾ ਕਰੋ ਕਿ ਦੁਨੀਆ ਕੀ ਚਾਹੁੰਦੀ ਹੈ, ਤੇ ਕੀ ਉਹ ਚੀਜ਼ਾਂ ਸੱਚਮੁੱਚ ਪ੍ਰਮਾਤਮਾ ਦੀ ਨਿਗ੍ਹਾ 'ਚ ਮਾਈਨੇ ਰੱਖਦੀਆਂ ਹਨ? ਉਨ੍ਹਾਂ ਨੂੰ ਕੁਝ ਸਿਖਾਉਣ ਦੀ ਕੋਸ਼ਿਸ਼ ਨਾ ਕਰੋ, ਸਗੋਂ ਇਸ ਸਿੱਟੇ 'ਤੇ ਆ ਪਹੁੰਚੋ ਕਿ ਪ੍ਰਮਾਤਮਾ ਆਪਣੇ ਹਿਰਦੇ ਨੂੰ ਦੇਖਦੇ ਨੇ, ਨਾ ਕਿ ਆਪਣੀ ਬਾਹਰੀ ਦਿਖਾਵਟ ਨੂੰ।

**3. ਜੇ ਕਿਸੇ ਨੂੰ ਕੋਈ ਦੁੱਖ ਪਹੁੰਚਿਆ ਹੈ ਤਾਂ ਕੀ ਉਹ ਖਰਾਬ ਹੋ ਚੁੱਕੇ ਹਨ ਤੇ ਹੁਣ ਸ਼ੁੱਧ ਨਹੀਂ ਰਹੇ?**

ਅਧਿਆਪਕੋ, ਅਸਲੀ ਸਵਾਲ ਹੈ "ਜੇ ਕਿਸੇ ਦੀ ਨੈਤਿਕ ਤੌਰ 'ਤੇ ਉਲੰਘਣਾ ਹੋਈ ਹੋਵੇ…" ਤੇ ਮੈਂ ਜਾਣਦਾ ਹਾਂ ਕਿ ਇਹ ਇੱਕ ਬਹੁਤ ਹੀ ਔਖਾ ਵਿਸ਼ਾ ਹੈ। ਸ਼ਿਸ਼ਟਾਚਾਰ ਦੇ ਕਾਰਨ, ਅਸੀਂ ਵਿਦਿਆਰਥੀਆਂ ਦੀ ਕਿਤਾਬ ਵਿੱਚੋਂ "ਨੈਤਿਕ ਤੌਰ 'ਤੇ ਉਲੰਘਣਾ" ਵਾਲੇ ਸ਼ਬਦਾਂ ਨੂੰ ਹਟਾਉਣ ਦਾ ਫੈਸਲਾ ਕੀਤਾ ਹੈ। ਪਰ, ਬਹਾਦਰ ਬਣੋ ਤੇ ਆਪਣੇ ਵਿਦਿਆਰਥੀਆਂ ਨਾਲ ਚਰਚਾ ਕਰੋ ਜੇ ਤੁਹਾਡੇ ਚਰਚ ਦੇ ਅਧਿਕਾਰੀ ਇਸਦੀ ਇਜਾਜ਼ਤ ਦਿੰਦੇ ਹਨ। ਪੂਰੀ ਦੁਨੀਆ ਵਿੱਚ, ਅੱਤਿਆਚਾਰ ਕਰਨ ਵਾਲਿਆਂ ਦੇ ਉੱਤੇ ਦੋਸ਼ ਲਾਉਣ ਦੀ ਬਜਾਇ ਪੀੜਤਾਂ 'ਤੇ ਦੋਸ਼ ਲਾਏ ਜਾਂਦੇ ਹਨ। ਕਈ ਨੌਜਵਾਨਾਂ ਦਾ ਕਿਸੇ ਨਾ ਕਿਸੇ ਤਰੀਕੇ ਨੈਤਿਕ ਤੌਰ 'ਤੇ ਉਲੰਘਣ ਕੀਤਾ ਜਾਂਦਾ ਹੈ। ਇਹ ਉਹ ਵਿਸ਼ਾ ਹੈ ਜਿਸਦਾ ਤੁਹਾਡੇ ਵਿਦਿਆਰਥੀ ਰੋਜ਼ਾਨਾ ਸਾਹਮਣਾ ਕਰਦੇ ਹਨ, ਸਗੋਂ ਇਸ ਵਿਸ਼ੇ ਦੀ ਉਨ੍ਹਾਂ ਨੂੰ ਲੋੜ ਹੈ! ਅੱਜ ਦੀ ਬਾਈਬਲ ਦੀ ਕਹਾਣੀ ਵਿੱਚ, ਜੋਸੇਫ ਉੱਪਰ ਪੋਟੀਫ਼ਰ ਦੀ ਪਤਨੀ ਦੀ ਨੈਤਿਕ ਉਲੰਘਣਾ ਕਰਨ ਦਾ ਦੋਸ਼ ਲਾਇਆ ਗਿਆ। ਇਸ ਬਾਈਬਲ ਕਹਾਣੀ ਦੀ ਵਰਤੋਂ ਕਰਕੇ ਚਰਚਾ ਸ਼ੁਰੂ ਕਰੋ ਤੇ ਆਪਣੇ ਵਿਦਿਆਰਥੀਆਂ ਦੀ ਜ਼ਿੰਦਗੀ ਹਮੇਸ਼ਾ ਲਈ ਬਦਲ ਦਿਓ। ਕੀ ਪ੍ਰਮਾਤਮਾ ਜੋਸੇਫ ਨੂੰ ਗੰਦਾ, ਖਰਾਬ, ਤੇ ਅਸ਼ੁੱਧ ਸਮਝਦੇ ਹਨ? ਨਹੀਂ! ਪ੍ਰਮਾਤਮਾ ਜਾਣਦੇ ਹਨ ਕਿ ਜੋਸੇਫ ਨੇ ਕੁਝ ਨਹੀਂ ਕੀਤਾ। ਉਸਨੇ ਜੋਸੇਫ 'ਤੇ ਹਮਲਾ ਕੀਤਾ। ਨਾਲ ਹੀ, ਪ੍ਰਮਾਤਮਾ ਆਪਣੇ ਦਿਲਾਂ ਵੱਲ ਦੇਖਦੇ ਹਨ। ਜੇ ਕਿਸੇ ਹੋਰ ਨੇ ਤੁਹਾਡੇ 'ਤੇ ਹਮਲਾ ਕੀਤਾ ਹੈ, ਤਾਂ ਤੁਹਾਡਾ ਨੁਕਸਾਨ ਨਹੀਂ ਹੋਇਆ। ਸਗੋਂ ਉਹ ਗੰਦੇ ਨੇ। ਤੁਸੀਂ ਇੱਕ ਬੇਕਸੂਰ ਪੀੜਤ ਹੋ। ਜੇ ਤੁਸੀਂ ਉਨ੍ਹਾਂ ਨੂੰ ਮੁਆਫ ਕਰ ਦਿੰਦੇ ਹੋ, ਤਾਂ ਤੁਸੀਂ ਆਉਣ ਵਾਲਾ ਜੀਵਨ ਪੂਰਾ ਵਧੀਆ ਬਤੀਤ ਕਰ ਪਾਓਗੇ, ਤੇ ਪ੍ਰਮਾਤਮਾ ਅੱਗੇ ਤੁਹਾਡਾ ਹਿਰਦਾ ਸ਼ੁੱਧ ਹੋਵੇਗਾ।

## ਅਖਾੜੇ ਦੇ ਵਿੱਚ 13

ਇਸ ਹਫਤੇ ਆਪਣੇ ਦਿਲ ਦਾ ਖਿਆਲ ਰੱਖਣਾ। ਜੇ ਕੁਝ ਤੁਹਾਡੇ ਖਿਲਾਫ ਹੋਇਆ ਹੈ, ਤਾਂ ਯਾਦ ਰੱਖਣਾ ਉਹ ਉਹ ਲੋਕ ਨੇ ਜਿਨ੍ਹਾਂ ਨੇ ਪਾਪ ਕੀਤਾ ਹੈ, ਤੁਸੀਂ ਨਹੀਂ। ਪ੍ਰਾਰਥਨਾ 'ਚ ਰੋਜ਼ਾਨਾ ਕਹੋ, "ਮੇਰਾ ਸ਼ੁੱਧ ਹਿਰਦਾ ਤੁਹਾਡੇ ਅੱਗੇ ਹੈ, ਪ੍ਰਭੂ।" ਜੇ ਤੁਸੀਂ ਕਿਸੇ ਖਿਲਾਫ ਕੁਝ ਕੀਤਾ ਹੈ, ਤਾਂ ਉਸ ਵਿਅਕਤੀ ਤੋਂ ਮੁਆਫ਼ੀ ਮੰਗੋ ਤੇ ਨਾਲ ਹੀ ਪ੍ਰਮਾਤਮਾ ਤੋਂ ਵੀ ਮੁਆਫ਼ੀ ਮੰਗੋ। ਤੁਸੀਂ ਫਿਰ ਤੋਂ ਪ੍ਰਾਰਥਨਾ ਕਰਨ ਲੱਗ ਜਾਓ, "ਮੇਰਾ ਸ਼ੁੱਧ ਹਿਰਦਾ ਤੁਹਾਡੇ ਅੱਗੇ ਹੈ, ਪ੍ਰਭੂ।"